# ਤੁਸੀਂ ਮੇਰੇ ਲਈ ਕਿਹੋ ਜਿਹਾ ਘਰ ਬਣਾਓਗੇ?

ਭਾਈ ਗ੍ਰੀਨ, ਤੁਹਾਡਾ ਧੰਨਵਾਦ। ਇਹ ਇੱਕ ਮੌਕਾ ਹੈ। ਭਾਈ ਅਤੇ ਭੈਣ ਗ੍ਰੀਨ ਨੂੰ ਸਲਾਮ, ਅਤੇ ਸਭਨਾਂ ਨੂੰ ਜੋ ਇਸ ਸਵੇਰ ਇੱਥੇ ਹਨ। ਮੈਂ ਮਹਿਸੂਸ ਕਰਦਾ ਹਾਂ ਇਹ ਮਾਨ ਮੈਨੂੰ ਬਖਸ਼ਿਆ ਗਿਆ ਹੈ, ਕਿ ਇਸ ਅਰਾਧਨਾ ਦੇ ਸਥਾਨ ਤੇ ਪਹੁੰਚ ਕੇ, ਕੁਝ ਐਲਾਨ ਕਰਾਂ।

2 ਮੈਂ ਇੱਥੇ ਭਾਈ ਗ੍ਰੀਨ ਦਾ ਸਮਾਂ ਨਹੀਂ ਲੈਣਾ ਚਾਹੁੰਦਾ ਹਾਂ, ਕਿਉਂਕਿ ਮੈਂ ਭਾਈ ਗ੍ਰੀਨ ਨੂੰ ਬਹੁਤ ਵਾਰ, ਬੋਲਦੇ ਸੁਣਿਆ ਹੈ, ਅਤੇ ਮੈਂ ਨਿਸ਼ਚਤ ਤੌਰ ਤੇ ਪ੍ਰਭਾਵਿਤ ਹੋਇਆ, ਅਤੇ ਜਿਵੇਂ ਉਸ ਨੇ ਸਾਨੂੰ ਪ੍ਰਭੂ ਦਾ ਵਚਨ ਸੁਣਾਇਆ, ਅਤੇ ਇਸ ਬਾਰੇ ਬਹੁਤ ਹਲੀਮ ਹੈ। ਕੱਲ ਉਸ ਆਖਿਆ, "ਮੈਨੂੰ ਪ੍ਰਭੂ ਪਾਸੋਂ ਪ੍ਰਕਾਸ਼ ਪ੍ਰਗਟ ਕਰਨ ਵਾਲਾ ਵਚਨ ਨਹੀਂ ਮਿਲਦਾ, ਜਿਸ—ਜਿਸ ਤਰ੍ਹਾਂ ਉਹ ਭੇਜਿਆ ਗਿਆ ਹੈ, ਪਰ," ਕਿਹਾ, "ਜੋ ਕਿਹਾ ਗਿਆ ਹੈ ਮੈਂ ਉਸ ਤੇ ਜੋਰ ਦੇਣਾ ਚਾਹੁੰਦਾ ਹਾਂ।" ਉਸ ਨੇ ਕਿਹਾ, "ਜਿਵੇਂ ਪੌਲੂਸ ਨੇ ਬਾਈਬਲ ਵਿੱਚ ਕੁਝ ਲਿਖਿਆ, ਮੈਂ ਇੱਥੇ ਆ ਕੇ ਉਹਨਾਂ ਗੱਲਾਂ ਤੇ ਜ਼ੋਰ ਦਿੰਦਾ ਹਾਂ ਜੋ ਉਸ ਨੇ ਕਹੀਆਂ ਸਨ।" ਕਿਹਾ, "ਮੇਰੇ ਕੋਲ ਕੋਈ ਸੰਦੇਸ਼ ਨਹੀਂ ਹੈ, ਬਸ ਜੋ ਕੁਝ ਪ੍ਰਭੂ ਵੱਲੋਂ ਪਹਿਲਾਂ ਹੀ ਆਖਿਆ ਜਾ ਚੁੱਕਾ ਹੈ ਉਸ ਤੇ ਜੋਰ ਦਿੰਦਾ ਹਾਂ।" ਹੁਣ ਇਹ ਸਚਮੁਚ ਹੈਰਾਨੀਜਨਕ ਗੱਲ ਸੀ, ਇੱਕ—ਇੱਕ ਨੌਜਵਾਨ ਵਿਅਕਤੀ ਦਾ ਉਸ ਤਰ੍ਹਾਂ ਦੀ ਟਿੱਪਣੀ ਕਰਨਾ ਅਤੇ ਇਸ ਤਰ੍ਹਾਂ ਕਹਿਣਾ।

ਹੁਣ ਆਓ ਅਸੀਂ ਇਕੱਠੇ ਪ੍ਰਾਰਥਨਾ ਕਰੀਏ।

3 ਪਿਆਰੇ ਪਰਮੇਸ਼ੁਰ, ਮੈਨੂੰ ਪਤਾ ਨਹੀਂ ਕਿ ਕਿਵੇਂ ਸ਼ੁਰੂ ਕਰਾਂ, ਕਿਉਂਕਿ ਮੈਂ ਮਹਿਸੂਸ ਕਰਦਾ ਹਾਂ ਕਿ ਤੁਸੀਂ ਅੱਜ ਇੱਥੇ ਹੋ, ਅਤੇ ਤੁਹਾਡੀ ਹਜੂਰੀ ਵਿੱਚ ਅਸੀਂ ਹਮੇਸ਼ਾ ਮਹਿਸੂਸ ਕਰਦੇ ਹਾਂ ਕਿ ਅਸੀਂ ਬਹੁਤ ਛੋਟੇ ਹਾਂ। ਅਤੇ ਮੈਂ—ਮੈਂ ਇਸ ਮੌਕੇ ਲਈ ਤੁਹਾਡਾ ਧੰਨਵਾਦੀ ਹਾਂ। ਹੁਣ, ਪ੍ਰਭੂ, ਜਿਸ ਤਰ੍ਹਾਂ ਤੁਸੀਂ ਸਾਨੂੰ ਇਹ ਸਥਾਨ ਦਿੱਤਾ ਹੈ, ਅਸੀਂ ਪ੍ਰਾਰਥਨਾ ਕਰਦੇ ਹਾਂ ਕਿ ਜਦੋਂ ਵੀ ਅਸੀਂ ਇੱਥੇ ਮਿਲੀਏ ਤੁਸੀਂ ਸਾਡੇ ਨਾਲ ਹਰ ਵਾਰ ਮਿਲੋ। ਅਤੇ ਤੇਰਾ ਮਹਾਨ ਆਤਮਾ ਇਸ ਸ਼ਹਿਰ ਤੇ ਮੰਡਰਾਏ! ਹੋਣ ਦੇ ਕਿ ਅਸੀਂ ਅੰਜੀਲ ਦਾ ਸਮਾਚਾਰ, ਜੋ ਸਾਨੂੰ ਦਿੱਤਾ ਗਿਆ ਅਤੇ ਇਹਨਾਂ ਅੰਤਲੇ ਦਿਨਾਂ ਅੰਦਰ ਸਾਡੇ ਹੱਥਾਂ ਅੰਦਰ ਸੌਂਪਿਆ ਗਿਆ ਪੇਸ਼ ਕਰ ਸਕੀਏ, ਹੋਣ ਦੇ ਕਿ ਇਹ ਪੂਰਾ ਹੋਵੇ, ਅਤੇ ਤੁਸੀਂ ਟਯੂਸਾਨ ਅਤੇ

ਇਸ ਦੇ ਚੁਫੇਰੇ ਹਰੇਕ ਉਸ ਆਤਮਾ ਨੂੰ ਲੱਭ ਲਵੋ, ਜਿਨ੍ਹਾਂ ਨੂੰ ਤੁਸੀਂ ਜੀਵਨ ਪਾਉਣ ਲਈ ਅਗੇਤਰਾ ਠਹਿਰਾਇਆ ਹੈ। ਪਿਤਾ, ਇਹਨਾਂ ਚੀਜਾਂ ਨੂੰ, ਯਿਸੂ ਮਸੀਹ ਦੇ ਨਾਮ ਵਿੱਚ ਬਖਸ਼ ਦੇ। ਆਮੀਨ।

4 ਮੈਂ ਸੋਚਦਾ ਹਾਂ ਕਿ ਇਸ ਸਵੇਰ ਨੂੰ ਮੈਂ ਵਚਨ ਵਿੱਚੋਂ ਛੋਟੀ ਆਇਤ ਪੜ੍ਹਨਾ ਚਾਹਾਂਗਾ, ਬਸ ਉਨ੍ਹਾਂ ਸ਼ਬਦਾਂ ਨੂੰ ਕਹਿਣ ਤੋਂ ਪਹਿਲਾਂ ਜੋ ਮੈਂ ਕਹਿਣਾ ਚਾਹੁੰਦਾ ਹਾਂ, ਇਹ ਰਸੂਲਾਂ ਦੇ ਕਰਤੱਬ ਦੀ ਕਿਤਾਬ ਵਿੱਚ, ਸੱਤਵੇਂ ਅਧਿਆਏ ਵਿੱਚ ਹੈ। ਜਦ ਕਿ ਤੁਸੀਂ ਉਸ ਵੱਲ ਆ ਰਹੇ ਹੋ, ਅਸੀਂ 44ਵੀਂ ਆਇਤ ਤੋਂ ਪੜ੍ਹਨਾ ਸ਼ੁਰੂ ਕਰਾਂਗੇ।

5 ਹੁਣ ਅਸੀਂ ਇਸ ਹਫ਼ਤੇ, ਇਸ ਅਗਲੇ ਹਫ਼ਤੇ, ਸ਼੍ਰੀਵਪੋਰਟ ਜਾ ਰਹੇ ਹਾਂ, ਲਗਾਤਾਰ ਸਭਾਵਾਂ ਦੇ ਲਈ, ਅਤੇ ਹੁਣ ਅਸੀਂ ਕੋਸ਼ਿਸ਼ ਕਰਨ ਜਾ ਰਹੇ ਹਾਂ, ਜੇ ਕਰ ਪ੍ਰਭੂ ਚਾਹੇ ਤਾਂ। ਭਾਈ ਮੂਰ, ਭਾਈ ਜੈਕ ਮੂਰ, ਜੋ ਮੇਰਾ ਅਤੇ ਭਾਈ ਪੈਰੀ ਦਾ ਇੱਕ ਬਹੁਤ ਵਧੀਆ ਮਿੱਤਰ ਹੈ, ਅਤੇ ਅਸੀਂ ਭਾਈ ਜੈਕ ਨੂੰ ਪਿਆਰ ਕਰਦੇ ਹਾਂ। ਮੇਰਾ ਵਿਚਾਰ ਹੈ, ਸੰਦੇਸ਼ ਨੇ, ਉਹਨਾਂ ਥੋੜ੍ਹਾ ਕੁ ਪਰੇਸ਼ਾਨ ਕਰ ਦਿੱਤਾ ਸੀ, ਖਾਸ ਕਰਕੇ ਕੁਝ ਉਹਨਾਂ ਗੱਲਾਂ ਤੇ ਜੋ ਅਸੀਂ ਅਹਿਮ ਮੰਨਦੇ ਹਾਂ ਅਤੇ ਜਿਨ੍ਹਾਂ ਤੇ ਅਸੀਂ ਨਿਹਚਾ ਕਰਦੇ ਹਾਂ, ਜੋ—ਜੋ ਸਾਨੂੰ ਮੋਹਰਾਂ ਦੇ ਖੁੱਲ੍ਹਣ ਨਾਲ ਮਿਲੀਆਂ ਹਨ, ਜਿਵੇਂ ਅਸੀਂ ਨਿਹਚਾ ਕਰਦੇ ਹਾਂ, ਜਿਸ ਤਰ੍ਹਾਂ ਕਿ, "ਸੱਪ ਦੀ ਸੰਤਾਨ," ਅਤੇ "ਨਿਹਚਵਾਨਾਂ ਦੀ ਸਦੀਪਕ ਸੁਰੱਖਿਆ" ਅਤੇ—ਅਤੇ ਹੋਰ ਇਸ ਤਰ੍ਹਾਂ ਦੀਆਂ ਗੱਲਾਂ, ਉਨ੍ਹਾਂ ਵਿੱਚੋਂ ਕੁਝ ਕੁ ਸੰਦੇਸ਼। ਜੋ, ਸ਼ਾਇਦ ਹੋਰਨਾਂ ਲਈ…ਅਸੀਂ ਨਹੀਂ ਸੋਚਦੇ ਹਾਂ ਇਹ ਔਖੇ ਹਨ, ਪਰ, ਜੇ ਕਰ ਸੱਚਾਈ ਨੂੰ ਸਮਝਣ ਲਈ ਤੁਹਾਡਾ ਮਨ ਖੁੱਲ੍ਹਾ ਹੋਵੇ। ਅਸੀਂ ਨਿਹਚਾ ਕਰਦੇ ਹਾਂ ਅਸੀਂ ਅੰਤਲੇ ਸਮੇਂ ਵਿੱਚ ਰਹਿ ਰਹੇ ਹਾਂ। ਇਹ ਅਸਲ ਵਿੱਚ ਸਾਡੇ ਲਈ ਇੰਨ੍ਹਾਂ ਸਪਸ਼ਟ ਹੈ, ਕਿ ਅਸੀਂ ਬਸ ਸਫ਼ਰ ਦੇ ਅੰਤ ਤੇ ਹਾਂ।

6 ਅਤੇ ਕਿਸੇ ਦੂਸਰੇ ਮਨੁੱਖ ਦੀ ਕਲੀਸੀਆ ਵਿੱਚ ਪ੍ਰਚਾਰ ਕਰਨਾ, ਠੀਕ ਹੈ, ਤੁਸੀਂ ਉਸ ਮਨੁੱਖ ਦੀ ਮਹਿਮਾਨ ਨਵਾਜ਼ੀ ਦਾ ਆਦਰ ਕਰਨਾ ਚਾਹੁੰਦੇ ਹੋ, ਜਿਸ ਨੇ ਤੁਹਾਨੂੰ ਆਪਣੀ ਕਲੀਸੀਯਾ ਵਿੱਚ ਆਉਣ ਦਾ ਮੌਕਾ ਦਿੱਤਾ। ਅਤੇ ਮੈਂ, ਪੱਕੇ ਤੌਰ ਤੇ, ਇਹ ਜਾਣਦੇ ਹੋਏ ਕਿ ਉਹ ਇਸ ਤੇ ਵਿਸ਼ਵਾਸ ਨਹੀਂ ਕਰਦੇ, ਮੈਂ ਉਨ੍ਹਾਂ ਦਾ ਇੰਨਾ ਆਦਰ ਕਰਾਂਗਾ ਕਿ…ਉਥੇ ਹੋਰ ਬਹੁਤ ਕੁਝ ਹੈ ਜਿਸ ਤੇ ਮੈਂ ਗੱਲ ਕਰ ਸਕਦਾ ਹਾਂ, ਬਜਾਏ ਇਸਨੂੰ ਲਿਆਉਣ ਦੇ; ਜਦੋਂ ਤਕ ਪਵਿੱਤਰ ਆਤਮਾ ਹੀ ਇਸ ਲਈ ਥੋੜਾ ਜਿਹਾ ਨਾ ਉਕਸਾਏ, ਤੁਸੀਂ ਵੇਖੋ, ਸਮਝੇ, ਤਦ ਮੈਂ ਨਿਸ਼ਚਤ ਹੀ ਉਹੀ ਕਹਾਂਗਾ ਜੋ ਉਸ ਨੇ ਕਿਹਾ। ਅਤੇ ਮੈਨੂੰ ਇਸ ਤੋਂ ਵਧੀਆ ਕੁਝ ਕਰਨਾ ਨਹੀਂ ਆਉਂਦਾ, ਅਤੇ ਮੈਂ ਆਸ਼ਾ ਕਰਦਾ ਹਾਂ ਕਿ ਮੈਂ ਕਦੇ ਇਸ ਤੋਂ

ਵਧੀਆ ਸਿਖਾਂ ਹੀ ਨਾ। ਸਮਝੇ? ਆਓ ਜਿਸ ਪ੍ਰਕਾਰ ਉਸ ਨੇ ਆਖਿਆ ਹੈ ਉਸੇ ਤਰ੍ਹਾਂ ਆਖੀਏ।

ਹੁਣ ਆਓ ਅਸੀਂ ਇੱਥੇ ਇੱਕ—ਇੱਕ ਜਾਂ ਦੋ ਆਇਤਾਂ, ਰਸੂਲਾਂ ਦੇ ਕਰਤਬ ਦੀ—ਦੀ ਕਿਤਾਬ ਦੇ 7ਵੇਂ ਅਧਿਆਏ ਤੋਂ ਪੜ੍ਹੀਏ, 44ਵੀਂ ਆਇਤ ਤੋਂ ਸ਼ੁਰੂ ਕਰਕੇ।

*ਸਾਖੀ ਦਾ ਤੰਬੂ ਉਜਾੜ ਵਿੱਚ ਸਾਡੇ ਪਿਓ ਦਾਦਿਆਂ ਦੇ ਕੋਲ ਸੀ, ਜਿਵੇਂ ਉਸ ਨੇ ਆਗਿਆ ਦਿੱਤੀ, ਜਿਨ ਮੂਸਾ ਨੂੰ ਆਖਿਆ ਸੀ, ਭਈ ਉਸਨੂੰ ਉਸ ਖਾਕੇ ਉੱਤੇ ਬਣਾ ਜੋ ਤੈਂ ਵੇਖਿਆ ਹੈ।*

*ਅਤੇ ਉਸਨੂੰ ਸਾਡੇ ਪਿਓ ਦਾਦੇ ਆਗਲਿਆਂ ਤੋਂ ਪਾ ਕੇ ਯਿਸੂ ਦੇ ਨਾਲ ਤਦ ਐਥੋਂ ਲਿਆਏ ਜਦ ਉਹਨਾਂ ਕੌਮਾਂ ਦੀ ਮਿਲਖ ਪਾਈ, ਜਿਨ੍ਹਾਂ ਨੂੰ ਪਰਮੇਸ਼ਵਰ ਨੇ ਸਾਡੇ ਪਿਓ ਦਾਦਿਆਂ ਦੇ ਅੱਗਿਓਂ ਕੱਢ ਦਿੱਤਾ, ਅਤੇ ਉਹ ਦਾਊਦ ਦੇ ਦਿਨਾਂ ਤੀਕ ਰਿਹਾ;*

*ਉਹਨੇ ਪਰਮੇਸ਼ਵਰ ਦੇ ਹਜੂਰੋਂ, ਕਿਰਪਾ ਪਾ ਕੇ ਚਾਹਿਆ, ਜੋ ਯਾਕੂਬ ਦੇ ਪਰਮੇਸ਼ਵਰ ਲਈ ਇੱਕ ਅਸਥਾਨ ਬਣਾਵੇ।*

*ਪਰ ਸੁਲੇਮਾਨ ਨੇ ਉਹ ਦੇ ਲਈ ਇੱਕ ਭਵਨ ਬਣਾਇਆ।*

*ਪਰ ਅੱਤ ਮਹਾਨ ਹੱਥਾਂ ਦੀਆਂ ਬਣੀਆਂ ਹੋਈਆਂ ਹੈਕਲਾਂ ਵਿੱਚ ਨਹੀਂ ਵੱਸਦਾ; ਜਿਵੇਂ ਨਬੀ ਕਹਿੰਦਾ ਹੈ,*

*ਆਕਾਸ਼ ਮੇਰਾ ਸਿੰਘਾਸਨ,…ਧਰਤੀ ਮੇਰੇ ਪੈਰ ਰੱਖਣ ਦੀ ਚੌਂਕੀ ਹੈ: ਤੁਸੀਂ ਮੇਰੇ ਲਈ ਕਿਹੋ ਜਿਹਾ ਘਰ ਬਣਾਉਗੇ: ਪ੍ਰਭੂ ਆਖਦਾ ਹੈ: ਜਾਂ ਕਿਹੜਾ ਥਾਂ ਮੇਰੇ ਆਰਾਮ ਦਾ ਹੈ?*

*ਕੀ ਮੇਰੇ ਹੱਥਾਂ ਨੇ ਇਹ ਸਭ ਵਸਤਾਂ ਨਹੀਂ ਬਣਾਈਆਂ?*

ਇਸ ਤੇ, ਇਸ ਵਚਨ ਤੇ ਪੜ੍ਹੇ ਜਾਣ ਤੇ, ਭਾਈ ਪੈਰੀ ਦੇ ਸਵੇਰ ਦੇ ਸੰਦੇਸ਼ ਲਿਆਉਣ ਤੋਂ ਪਹਿਲਾਂ ਮੈਂ ਕੁਝ ਕੁ ਸ਼ਬਦ ਕਹਿਣਾ ਚਾਹਾਂਗਾ।

7 ਮੈਂ ਇਸ ਨੂੰ ਆਪਣੀ ਟਿਊਸਨ ਦੀ ਯਾਤਰਾ ਦੇ ਸ਼ਾਨਦਾਰ ਸਮਿਆਂ ਵਿੱਚੋਂ ਇੱਕ ਮੰਨਦਾ ਹਾਂ। ਮੈਂ ਇੱਥੇ ਇਸਲਈ ਆਇਆ ਕਿਉਂਕਿ ਮੈਨੂੰ ਇੱਥੇ ਆਉਣ ਲਈ ਪ੍ਰੇਰਿਤ ਕੀਤਾ ਗਿਆ ਸੀ। ਮੈਂ ਇੱਥੇ ਇਸ ਲਈ ਆਇਆ ਹਾਂ ਕਿਉਂ ਜੋ ਪਵਿੱਤਰ ਆਤਮਾ ਨੇ, ਦਰਸ਼ਨ ਰਾਹੀਂ, ਮੈਨੂੰ ਭੇਜਿਆ ਹੈ। ਮੈਂ ਜਾਣਦਾ ਹਾਂ ਹੋ ਸਕਦਾ ਹੈ ਇਹ ਅਜੀਬ ਲੱਗੇ, ਹੋ ਸਕਦਾ ਹੈ। ਪਰ ਉਹਨੂੰ, ਜਿੱਥੋਂ ਤਕ ਮੈਂ ਜਾਣਦਾ ਹਾਂ, ਪਰਮੇਸ਼ੁਰ ਬਾਰੇ ਜੋ ਕੁਝ ਵੀ ਜਾਣਦਾ ਹਾਂ, ਮੈਂ ਦਰਸ਼ਨ ਰਾਹੀਂ

ਟਿਉਸਨ ਭੇਜਿਆ ਗਿਆ ਸਾਂ। ਮੈਂ ਹੈਰਾਨ ਸੀ ਕਿ ਮੈਂ ਇਸ ਮਾਰੂਥਲ ਵਿੱਚ ਕਿਉਂ ਭੇਜਿਆ ਗਿਆ ਸਾਂ। ਅਤੇ ਫਿਰ ਇੱਥੇ ਜਿੱਥੇ...

8 ਆਤਮਿਕ ਤੌਰ ਤੇ ਗੱਲ ਕਰਦੇ ਹੋਏ, ਸ਼ਹਿਰ ਭਰ ਵਿੱਚ, ਮੈਨੂੰ ਟਿਉਸਨ ਸ਼ਹਿਰ ਨਾਲੋਂ ਕਿਸੇ ਹੋਰ ਸਥਾਨ ਬਾਰੇ ਨਹੀਂ ਪਤਾ, ਜੋ ਆਤਮਿਕ ਮਰਿਆ ਹੋਇਆ ਹੈ। ਚਰਚਾਂ ਵਿਚਕਾਰ ਜੰਗ ਹੈ। ਸੰਗਤਾਂ ਵਿੱਚ ਹਾਹਾਕਾਰ ਮੱਚੀ ਹੋਈ ਹੈ। ਇੱਥੇ ਕੋਈ ਏਕਤਾ ਨਹੀਂ ਹੈ, ਅਤੇ ਹਰ ਕੋਈ ਖਿੱਚ ਰਿਹਾ ਹੈ, ਅਤੇ ਫੜ ਰਿਹਾ ਹੈ, ਅਤੇ ਨਿਚੋੜ ਰਿਹਾ ਹੈ, ਅਤੇ *ਇਸ* ਨੂੰ ਲੈਣ ਦੀ ਕੋਸ਼ਿਸ਼ ਕਰ ਰਿਹਾ ਹੈ, ਅਤੇ ਧਰਮ ਪਰਿਵਰਤਨ ਕਰ ਰਿਹਾ ਹੈ। ਇਹ ਇੱਕ ਮਾਰੂਥਲ ਹੈ, ਆਤਮਿਕ ਤੌਰ ਤੇ ਵੀ।

9 ਪਰ ਫਿਰ ਮੈਂ ਬਾਈਬਲ ਵਿੱਚੋਂ ਪੜ੍ਹਿਆ, ਕਿ ਪਰਮੇਸ਼ੁਰ ਨੇ ਮੂਸਾ ਨੂੰ ਉਸਦੇ ਪ੍ਰੇਮੀਆਂ ਅਤੇ ਉਸ ਦੇ ਅਜੀਜਾਂ ਵਿੱਚੋਂ ਬਾਹਰ ਬੁਲਾਇਆ, ਅਤੇ ਉਸ ਨੂੰ ਉਜਾੜ ਵਿੱਚ, ਉਸ ਦੀ ਬਿਵਸਥਾ ਲਿਖਣ ਲਈ ਭੇਜ ਦਿੱਤਾ। ਉਹ ਪੁਰਾਣਾ ਨੇਮ ਉਤਪਤ, ਲੇਵੀਆਂ ਦੀ ਪੋਥੀ, ਅਤੇ ਬਿਵਸਥਾਸਾਰ, ਕੂਚ, ਪਹਿਲੀਆਂ ਚਾਰ ਕਿਤਾਬਾਂ ਸਨ। ਉਹ...ਮੈਂ ਇਹਨਾਂ ਨੂੰ ਕਦੇ ਲੜੀਵਾਰ ਨਹੀਂ ਬੋਲਿਆ, ਪਰ ਇਹ ਚਾਰ ਕਿਤਾਬਾਂ ਹਨ। ਪਰ ਅਸਲ ਵਿੱਚ ਇਹ ਪੁਰਾਣਾ ਨੇਮ ਹਨ। ਕਿਉਂ ਜੋ, ਬਾਕੀ ਸਭ ਜੋ ਕੁਝ ਨਬੀਆਂ ਨੇ ਬੋਲਿਆ ਸੀ, ਦਾਊਦ ਦੇ ਜਬੂਰਾਂ ਅੰਦਰ, ਆਦਿ, ਪਰ ਰਾਜਿਆਂ ਦੀ ਪੁਸਤਕ ਨਹੀਂ। ਪਰ ਇਹ ਪੁਰਾਣੇ ਨੇਮ ਦੀ ਬੁਨਿਆਦ ਸੀ। ਇਹ ਮੂਸਾ ਨੇ ਲਿਖੀਆਂ ਜਦੋਂ ਉਸ ਨੂੰ ਆਪਣੇ ਜਨਮ ਸਥਾਨ ਤੋਂ ਬੁਲਾਇਆ ਗਿਆ, ਜਿਥੇ ਉਹ ਜਨਮਿਆ ਅਤੇ ਆਪਣੇ ਲੋਕਾਂ ਵਿਚ ਪਾਲਿਆ ਗਿਆ ਸੀ, ਉੱਥੋਂ ਉਹ ਮਾਰੂਥਲ ਵਿੱਚ ਘੱਲਿਆ ਗਿਆ ਸੀ, ਕਿ ਇਸ ਪੁਰਾਣੇ ਨੇਮ ਦੀਆਂ ਕਿਤਾਬਾਂ ਨੂੰ ਲਿਖੇ।

10 ਫਿਰ ਮੈਂ ਵੇਖਿਆ ਹੈ ਕਿ ਨਵੇਂ ਨੇਮ ਦੀ ਕਿਤਾਬ ਵਿੱਚ, ਜਿੱਥੇ ਪੌਲੁਸ, ਜੋ ਰਚਨਹਾਰਾ, ਜਾਂ ਰਚਨਹਾਰਾ, ਨਹੀਂ, ਪਰ ਨਵੇਂ ਨੇਮ ਦਾ ਲਿਖਾਰੀ ਹੈ। ਉਹ ਵੀ ਪਵਿੱਤਰ ਆਤਮਾ ਰਾਹੀਂ ਆਪਣੇ ਲੋਕਾਂ ਵਿੱਚੋਂ ਕੱਢਿਆ ਗਿਆ, ਅਤੇ ਅਰਬ ਵਿੱਚ, ਪਹੁੰਚਾ ਦਿੱਤਾ ਗਿਆ ਸੀ, ਜਿਸ ਸਥਾਨ ਤੇ ਉਹ ਪ੍ਰੇਰਣਾ ਪ੍ਰਾਪਤ ਕਰਨ ਲਈ, ਸਾਢੇ ਤਿੰਨ ਸਾਲ ਰਿਹਾ ਸੀ। ਅਤੇ ਪੌਲੁਸ ਨਵੇਂ ਨੇਮ ਦਾ ਮੁੱਖ ਲਿਖਾਰੀ ਹੈ। ਹੁਣ, ਉੱਥੇ ਮੱਤੀ, ਮਰਕੁਸ, ਲੂਕਾ ਅਤੇ ਯੂਹੰਨਾ ਵੀ ਹਨ, ਪਰ ਉਹ ਗ੍ਰੰਥੀ ਹਨ ਜਿਹਨਾਂ ਨੇ ਬਸ ਉਹ ਹੀ ਲਿਖਿਆ ਸੀ ਜੋ ਉਹਨਾਂ ਨੇ ਯਿਸੂ ਦੇ ਨਾਲ ਰਹਿੰਦੇ ਹੋਏ ਸੁਣਿਆ ਸੀ। ਅਤੇ, ਤਦ, ਤੁਸੀਂ ਤਿਮੋਥਿਉਸ, ਅਤੇ ਰੋਮੀਆਂ ਦੀ ਪੱਤਰੀ, ਅਤੇ ਇਬਰਾਨੀਆਂ ਦੀ ਪੁਸਤਕ, ਆਦਿ ਨੂੰ ਲਵੋ, ਪੌਲੁਸ ਨੇ ਨਵੇਂ ਨੇਮ ਨੂੰ ਲਿਖਣ ਦੀ ਪ੍ਰੇਰਣਾ ਪ੍ਰਾਪਤ ਕੀਤੀ; ਸਾਰੇ ਪੁਰਾਣੇ ਨੇਮ ਨੂੰ ਇੱਕ ਪਰਛਾਵੇਂ

ਵਜੋਂ ਲਿਆ ਅਤੇ ਇਸਨੂੰ ਕ੍ਰਮ ਵਿੱਚ ਰੱਖਿਆ। ਅਤੇ ਖੁਦਾ ਨੇ ਇਸ ਨੂੰ ਆਦਰ ਦਿੱਤਾ, ਅਤੇ ਇਸ ਨੂੰ ਨਵਾਂ ਨੇਮ ਬਣਾ ਦਿੱਤਾ।

11 ਅਤੇ ਹੁਣ ਜੇਕਰ ਪੁਰਾਣਾ ਨੇਮ ਲਿਖਾਰੀ ਰਾਹੀਂ ਲਿਖਿਆ ਜਾਣਾ ਸੀ...ਤਾਂ ਲਿਖਾਰੀ ਨੂੰ ਆਪਣੇ ਲੋਕਾਂ ਤੋਂ ਦੂਰ ਕਰਕੇ, ਜੰਗਲ ਵਿੱਚ, ਪ੍ਰੇਰਨਾ ਪਾਉਣ ਲਈ ਘੱਲਣਾ ਪੈਣਾ ਸੀ, ਕਿ ਪੁਰਾਣਾ ਨੇਮ ਲਿਖੇ। ਅਤੇ ਨਵੇਂ ਨੇਮ ਅੰਦਰ, ਲਿਖਾਰੀ ਨੂੰ ਰਚਨਹਾਰਾ ਬਾਹਰ ਮਾਰੂਥਲ ਵਿੱਚ ਕੱਢ ਲਿਆਇਆ, ਤਾਂ ਜੋ ਨਵੇਂ ਨੇਮ ਨੂੰ ਲਿਖਣ ਲਈ ਪ੍ਰੇਰਨਾ ਪਾਵੇ। ਅਤੇ ਕਿਤਾਬਾਂ ਸੱਤਾਂ ਮੋਹਰਾਂ ਨਾਲ ਮੋਹਰਬੰਦ ਕੀਤੀਆਂ ਹੋਈਆਂ ਹਨ; ਮੈਨੂੰ ਵਿਸ਼ਵਾਸ ਹੈ ਕਿ ਉਹ ਸੱਤ ਮੋਹਰਾਂ ਨੂੰ ਖੋਲ੍ਹਣ ਲਈ ਅਜਿਹੀ ਹੀ ਪ੍ਰੇਰਣਾ ਦੀ ਲੋੜ ਹੋਵੇਗੀ। ਕਿ ਉਸ ਨੂੰ ਛੱਡ ਦੇਣਾ ਜਿਸ ਨੂੰ ਤੁਸੀਂ ਪਿਆਰ ਕਰਦੇ ਹੋ, ਜੋ ਤੁਸੀਂ ਸੰਭਾਲ ਕੇ ਰੱਖਦੇ ਹੋ, ਅਤੇ ਇੱਕ ਛੋਟਾ ਘਰ ਜੋ ਮੈਨੂੰ ਲੋਕਾਂ ਵੱਲੋਂ ਦਿੱਤਾ ਗਿਆ ਸੀ, ਅਤੇ ਮੇਰੇ ਸਾਰੇ ਮਿੱਤਰਾਂ ਅਤੇ ਆਪਣੇ ਲੋਕਾਂ ਦਾ ਸਾਥ, ਅਤੇ ਇੱਕ ਕਲੀਸੀਆ ਜੋ ਕਿ ਵੱਧ ਰਹੀ ਸੀ, ਅਤੇ ਕੋਈ ਘਾਟ ਨਹੀਂ ਸੀ; ਉਹ ਨੂੰ ਛੱਡਣ ਲਈ—ਲਈ, ਉਸ ਵਿੱਚੋਂ ਉਸੇ ਵੇਲੇ ਬਾਹਰ ਆ ਕੇ ਲਈ, ਕਿਤੇ ਹੋਰ ਜਾਣਾ, ਇੱਕ ਮਾਰੂਥਲ ਅੰਦਰ ਜਿਸ ਅਸਥਾਨ ਤੇ ਤੁਸੀਂ ਕਿਸੇ ਨੂੰ ਵੀ ਨਹੀਂ ਜਾਣਦੇ, ਅਤੇ ਹਰੇਕ ਗੱਲ ਤੁਹਾਡੇ ਵਿਰੁੱਧ ਹੈ।

12 ਪਰ ਪ੍ਰਭੂ ਦੇ ਬਾਰੇ ਕੁਝ ਐਸਾ ਹੈ ਜੋ ਇਕ ਮਨੁੱਖ ਨੂੰ ਉਹ ਕੰਮ ਕਰਨ ਲਈ ਉਤੇਜਿਤ ਕਰਦਾ ਹੈ ਜੋ ਉਸਦੀ ਆਪਣੇ ਸੋਚ ਤੋਂ ਪਰੇ ਹੁੰਦੇ ਹਨ, ਤਾਂ ਜੋ ਪਰਮੇਸ਼ੁਰ ਦੇ ਜਲਾਲ ਅਤੇ ਮਹਿਮਾ ਲਈ ਹੋਵੇ। ਅਤੇ ਮੈਂ ਮਹਿਸੂਸ ਕਰਦਾ ਹਾਂ, ਆਪਣੀ ਵਡਿਆਈ ਲਈ ਨਹੀਂ, ਪਰ ਮੈਂ—ਮੈਂ ਮਹਿਸੂਸ ਕਰਦਾ ਹਾਂ ਕਿ ਇਹ ਇੱਕ ਭਾਗਾਂ ਵਾਲੀ ਗੱਲ ਸੀ ਕਿ ਆਪਣੀ ਹਰੇਕ ਚੀਜ ਨੂੰ ਜੋ ਵੀ ਮੇਰੇ ਲਈ ਪਿਆਰੀ ਸੀ ਛੱਡ ਦਿਆਂ, ਤਾਂ ਜੋ ਇਸ ਉਜਾੜ ਵਿੱਚ ਆਵਾਂ ਅਤੇ ਅਜਿਹੇ ਦੁੱਖ ਝੱਲਾਂ ਜਿਹੇ ਮੈਂ ਆਪਣੀ ਜ਼ਿੰਦਗੀ ਵਿੱਚ ਕਦੇ ਨਹੀਂ ਝੱਲੇ, ਇੱਥੇ ਇਸ ਉਜਾੜ, ਜਾਂ ਇਸ ਮਾਰੂਥਲ ਵਿੱਚ। ਪਰ ਮੇਰੀ ਨਿਹਚਾ ਹੈ, ਇਸ ਤਰ੍ਹਾਂ ਕਰਨ ਨਾਲ ਅਤੇ ਜੋ ਪਰਮੇਸ਼ੁਰ ਚਾਹੁੰਦਾ ਹੈ ਕਿ ਕੀਤਾ ਜਾਏ ਉਹ ਦੀ ਆਗਿਆਕਾਰੀ ਨਾਲ, ਪਰਮੇਸ਼ੁਰ ਨੇ ਇਸ ਅੰਤਿਮ ਦਿਨ ਦੇ ਭੇਤ ਸਾਡੇ ਲਈ ਖੋਲ੍ਹ ਦਿੱਤੇ ਹਨ। ਅਤੇ ਅਸੀਂ ਇੱਥੇ ਇਸ ਸੰਦੇਸ਼ ਦੇ ਨਾਲ ਹਾਂ।

13 ਹੁਣ, ਬਹੁਤ ਲੋਕ ਮੇਰੇ ਪਿੱਛੇ ਲਗ ਤੁਰੇ ਸਨ, ਅਤੇ ਇਹ ਕੋਈ ਅਨੋਖੀ ਗੱਲ ਨਹੀਂ ਹੈ। ਆਮ ਤੌਰ ਤੇ ਇੱਕ ਮਨੁੱਖ ਨੂੰ ਅਸੀਂ...ਲੋਕ ਇੱਕ ਦੂਸਰੇ ਨੂੰ ਪਿਆਰ ਕਰਦੇ ਹਨ, ਅਤੇ ਇਹ ਪਿਆਰ ਤੁਹਾਨੂੰ ਉਹ ਚੀਜ਼ਾਂ ਕਰਨ ਲਈ ਪ੍ਰੇਰਿਤ ਕਰੇਗਾ ਜੋ ਤੁਸੀਂ ਸੋਚਦੇ ਹੋ ਕਿ ਤੁਸੀਂ ਨਹੀਂ ਕਰੋਗੇ। ਅਤੇ ਤੁਸੀਂ ਬਹੁਤਿਆਂ ਨੇ ਆਪਣੇ ਘਰ ਛੱਡ ਦਿੱਤੇ ਹਨ, ਤੁਸਾਂ ਸਭ ਛੱਡ ਦਿੱਤਾ ਹੈ, ਬਸ ਇਸੇ ਮਾਰੂਥਲ ਅੰਦਰ

ਆਉਣ ਲਈ।

14 ਬਹੁਤ ਸਾਰਿਆਂ ਨੇ ਮੈਨੂੰ ਕਿਹਾ ਹੈ, ਬਹੁਤ ਸਾਰਿਆਂ ਨੇ ਮੈਨੂੰ ਪੁੱਛਿਆ ਹੈ, "ਕੀ ਅਸੀਂ ਐਰਿਜੋਨਾ ਆਈਏ? ਕੀ ਇਹ ਸਾਡੇ ਲਈ ਚੰਗੀ ਜਗ੍ਹਾ ਹੋਵੇਗੀ?" ਖੈਰ, ਜਿਸ ਪ੍ਰਕਾਰ ਇਹ ਮੂਸਾ ਅਤੇ ਉਹਨਾਂ ਬਾਰੇ ਦੱਸਿਆ ਗਿਆ ਸੀ, ਇਹ ਕੋਈ ਫਲਾਂ ਵਾਲਾ ਸਥਾਨ ਨਹੀਂ ਸੀ, ਕੋਈ ਅਨਾਰਾਂ ਵਾਲਾ ਸਥਾਨ ਨਹੀਂ ਸੀ।

15 ਇੱਥੇ ਜ਼ਿਆਦਾ ਕੰਮ ਕਰਨ ਲਈ ਨਹੀਂ ਹੈ, ਅਤੇ ਰਹਿਣ ਸਹਿਣ ਦੀ ਲਾਗਤ ਜਿਆਦਾ ਹੈ, ਅਤੇ ਜੀਵਨ ਦੇ ਖਰਚੇ ਵੀ ਜਿਆਦਾ ਹਨ। ਇਹ ਸਚਮੁਚ ਰਹਿਣ ਲਈ ਇੱਕ ਮੁਸ਼ਕਲ ਸਥਾਨ ਹੈ, ਟਿਉਸਨ, ਏਰਿਜ਼ੋਨਾ; ਕਮਾਈ ਘੱਟ ਹੈ, ਅਤੇ—ਅਤੇ ਖਾਣਾ ਬਹੁਤ ਮਹਿੰਗਾ ਹੈ, ਅਤੇ ਕਿਰਾਇਆ ਬਹੁਤ ਜਿਆਦਾ ਹੈ। ਅਤੇ ਇਸ ਨਜਰੀਏ ਨਾਲ, ਰਹਿਣ ਵਾਸਤੇ ਇਹ—ਇਹ ਬਹੁਤ ਮਾੜਾ ਸਥਾਨ ਹੈ। ਪਰ ਇਹ ਸਿਹਤਮੰਦ, ਅਤੇ ਖੁਸ਼ਕ ਹੈ। ਅਤੇ ਅਸੀਂ ਕਦੇ ਕਦੇ... ਸਾਨੂੰ ਆਪਣੀਆਂ ਸੋਚਾਂ ਨੂੰ ਇਸ ਧਰਤੀ ਦੀਆਂ ਚੀਜ਼ਾਂ ਤੇ ਕੇਂਦ੍ਰਿਤ ਨਹੀਂ ਕਰਨਾ ਚਾਹੀਦਾ।

16 ਜਰੂਰੀ ਹੈ ਕਿ ਸਾਨੂੰ ਪਵਿੱਤਰ ਆਤਮਾ ਦੀ ਅਗਵਾਈ ਵੱਲ ਦੇਖਣਾ ਚਾਹੀਦਾ ਹੈ। ਪਰ ਇੱਕ ਚੀਜ ਹੈ ਜੋ ਮੈਨੂੰ ਇੱਥੇ ਆ ਕੇ ਔਖੀ ਲਗਦੀ ਹੈ, ਕਿ ਲੋਕਾਂ ਨੂੰ ਦੱਸਾਂ, "ਖੈਰ, ਤੁਹਾਨੂੰ ਨਹੀਂ ਆਉਣਾ ਚਾਹੀਦਾ," ਜਾਂ, "ਤੁਹਾਨੂੰ ਆਉਣਾ ਚਾਹੀਦਾ ਹੈ," ਉਹ ਮੈਂ ਹਰ ਵਿਅਕਤੀ ਤੇ ਛੱਡਦਾ ਹਾਂ, ਜਿਵੇਂ ਪਰਮੇਸ਼ੁਰ ਉਸ ਵਿਅਕਤੀ ਨੂੰ ਕਰਨ ਲਈ ਅਗਵਾਈ ਕਰਦਾ ਹੈ। ਮੈਂ ਸੋਚਦਾ ਹਾਂ ਸਾਨੂੰ ਹਰੇਕ ਨੂੰ ਉਹੀ ਕਰਨਾ ਚਾਹੀਦਾ ਹੈ, ਜਿਸ ਤਰ੍ਹਾਂ ਦੀ ਆਤਮਾ ਅਗਵਾਈ ਕਰਦਾ ਹੈ, ਕਿ ਕੀ ਕਰਨਾ ਹੈ।

17 ਅਤੇ ਤੁਹਾਡੇ ਵਿੱਚੋਂ ਇੱਥੇ ਬਹੁਤੇਰੇ ਜੈਫਰਸਨਵਿਲੇ ਤੋਂ ਹਨ, ਅਤੇ ਉੱਥੋਂ ਦੀ ਕਲੀਸਿਯਾ ਦੇ ਲੋਕ ਹੋ, ਅਤੇ ਤੁਸੀਂ ਇੱਥੇ ਆਏ ਹੋ। ਹੁਣ, ਜੋ ਗੱਲ ਮੈਨੂੰ ਪਰੇਸ਼ਾਨ ਕਰਦੀ ਸੀ, ਉਹ ਅਰਾਧਨਾ ਦਾ ਸਥਾਨ ਸੀ।

18 ਅਤੇ ਮੈਨੂੰ ਇਹ ਗੱਲ ਮਹਿਸੂਸ ਹੁੰਦੀ ਹੈ, ਜਿਸ ਤਰ੍ਹਾਂ ਮੈਂ ਇੱਥੇ ਵਚਨ ਵਿੱਚੋਂ ਅਸਤੀਫ਼ਨਾਸ ਤੇ ਉਸਦਾ ਭਾਸ਼ਣ ਪੜ੍ਹਦਾ ਹਾਂ, ਜੋ ਉਸ ਨੇ ਮੌਤ ਤੋਂ ਥੋੜ੍ਹਾ ਸਮਾਂ ਪਹਿਲਾਂ ਦਿੱਤਾ ਸੀ; ਕਿਉਂਕਿ ਉਹਨਾਂ ਨੇ ਉਸਦੇ ਸੰਦੇਸ਼ ਦੇ ਬਾਅਦ, ਉਸ ਨੂੰ ਤੁਰੰਤ ਪਥਰਾਓ ਕਰਕੇ ਮਾਰ ਦਿੱਤਾ ਸੀ। ਜਿਸ ਪ੍ਰਕਾਰ ਉਹ ਬੋਲ ਰਿਹਾ ਸੀ, "ਸਾਡੇ ਪੇਵਾਂ," ਪਹਿਲਿਆਂ ਦਿਨਾਂ ਅੰਦਰ ਇਬਰਾਨੀਆਂ ਬਾਰੇ ਗੱਲ ਕਰ ਰਿਹਾ ਸੀ, ਕਿ ਕਿਵੇਂ ਉਹਨਾਂ ਨੇ ਪਰਮੇਸ਼ੁਰ ਦੇ ਹਜ਼ੂਰੋਂ ਕਿਰਪਾ ਪਾਉਣ ਦੀ ਕੌਸ਼ਿਸ ਕੀਤੀ, ਤਾਂ ਜੋ ਭਗਤੀ ਲਈ ਇੱਕ ਸਥਾਨ ਬਣਾਇਆ ਜਾ ਸਕੇ। ਉਨ੍ਹਾਂ ਕਿਹਾ ਕਿ, "ਸੁਲੇਮਾਨ ਨੇ ਉਸ ਲਈ ਇੱਕ ਘਰ, ਜਾਂ ਇੱਕ ਇਮਾਰਤ ਬਣਾਈ।"

ਅਸੀਂ ਕਹਾਣੀ ਤੋਂ ਜਾਣੂ ਹਾਂ।

19 ਪਰ ਮੈਂ ਉਸ ਦੇ ਅਗਲੇ ਸ਼ਬਦਾਂ ਨੂੰ ਪਸੰਦ ਕਰਦਾ ਹਾਂ, “ਪਰ ਅੱਤ ਮਹਾਨ ਹੱਥਾਂ ਦੀਆਂ ਬਣੀਆਂ ਹੋਈਆਂ ਹੈਕਲਾਂ ਵਿੱਚ ਨਹੀਂ ਵੱਸਦਾ,” ਅਤੇ ਦੂਸਰੇ ਸਥਾਨ ਤੇ ਯਸਾਯਾਹ ਅੰਦਰ, ਉਹ ਕਹਿੰਦਾ ਹੈ, “‘ਤੂੰ ਮੇਰੇ ਲਈ ਇੱਕ ਦੇਹ ਤਿਆਰ ਕੀਤੀ; ਵੇਖੋ, ਵੇਖੋ ਬਲੀਦਾਨ ਅਤੇ ਭੇਂਟਾਂ, ਅਤੇ ਇਮਾਰਤਾਂ ਅਤੇ ਹੋਰ ਚੀਜਾਂ, ਪਰ ਤੂੰ ਮੇਰੇ ਲਈ ਇੱਕ ਦੇਹ ਤਿਆਰ ਕੀਤੀ ਹੈ।’” ਖੈਰ, ਅਸੀਂ ਜਾਣਦੇ ਹਾਂ ਉਹ ਉਦੋਂ ਉਸ ਦੇਹ ਦੀ ਗੱਲ ਕਰ ਰਿਹਾ ਸੀ ਜਿਸ ਵਿੱਚ, ਪਰਮੇਸ਼ੁਰ ਵਾਸ ਕਰਦਾ ਸੀ, ਮਸੀਹ ਵਿੱਚ।

20 ਪਰ ਮੇਰੀ ਨਿਹਚਾ ਹੈ, ਜੋ ਅੱਜ ਭਾਈ ਅਤੇ ਭੈਣ ਗ੍ਰੀਨ ਨੂੰ—ਨੂੰ ਜੋ ਪ੍ਰੇਰਣਾ ਇੱਥੇ ਵਸਣ ਲਈ ਮਿਲੀ ਹੈ, ਭਾਈ ਅਤੇ ਭੈਣ ਗਰੀਨ, ਆਪਣੇ ਪੂਰਬ ਵਿਚ ਜਿੱਥੇ ਉਹ ਰਹਿੰਦੇ ਸਨ, ਉਹ ਥਾਂ ਨੂੰ ਛੱਡ ਕੇ,...ਜਿਹੜਾ ਟੈਕਸਸ ਵਿੱਚ ਹੈ। ਤਾਂ ਜੋ ਇੱਥੇ ਆਉਣ...ਕਿਸੇ ਹੋਰ ਚੀਜ ਨਾਲ ਨਹੀਂ; ਇਹ ਮਹਿਸੂਸ ਕਰਦੇ ਹੋਏ, ਕਿ ਇਹ ਉਹਨਾਂ ਨੂੰ ਸ਼ੁਰੂ ਕਰਨਾ ਚਾਹੀਦਾ ਹੈ। ਮੈਂ ਉਹਨਾਂ ਮਨੁੱਖਾਂ ਦੀ ਕਦਰ ਕਰਦਾ ਹਾਂ ਜੋ ਮਸੀਹ ਦੀ ਅਗਵਾਈ ਪਿੱਛੇ ਚੱਲਦੇ ਹਨ, ਚਾਹੇ ਉਨ੍ਹਾਂ ਨੂੰ ਮਹਿੰਗਾ ਮੁੱਲ ਤਾਰਨਾ ਪਵੇ।

21 ਭਾਵੇਂ ਸਾਰੀ ਦੁਨੀਆ, ਸ਼ਾਇਦ ਤੁਹਾਡੇ ਸਭ ਤੋਂ ਚੰਗੇ ਦੋਸਤ ਵੀ, ਸੋਚਦੇ ਹਨ ਕਿ ਤੁਸੀਂ ਗਲਤ ਹੋ, ਪਰ ਇਹ ਤੁਹਾਡੇ ਲਈ ਗਲਤ ਨਹੀਂ ਹੈ। ਜਿੰਨਾ ਚਿਰ ਤੁਸੀਂ ਮਹਿਸੂਸ ਕਰਦੇ ਹੋ ਕਿ ਇਸਦੇ ਪਿੱਛੇ ਕੁਝ ਹੈ, ਇਹ ਪਰਮੇਸ਼ੁਰ ਤੁਹਾਨੂੰ ਹਿਲਾ ਰਿਹਾ ਹੈ; ਇਹ ਕਦੇ ਗਲਤ ਨਹੀਂ ਹੁੰਦਾ, ਅਤੇ ਇਸਦਾ ਨਤੀਜਾ ਹਮੇਸ਼ਾ ਸਹੀ ਨਿਕਲੇਗਾ।

22 ਇਸ ਨੌਜਵਾਨ ਜੋੜੇ ਨੂੰ ਦੇਖੋ, ਇੱਕ ਹੋਣਹਾਰ ਨੌਜਵਾਨ। ਮੈਂ ਇਹ ਇਸ ਲਈ ਨਹੀਂ ਕਹਿ ਰਿਹਾ ਕਿਉਂਕਿ ਉਹ ਇੱਥੇ ਬੈਠਾ ਹੈ। ਅਤੇ ਇਸ ਜਵਾਨ ਔਰਤ ਆਪਣੇ ਬੱਚਿਆਂ ਨਾਲ, ਜਿਸ ਕੋਲ ਪਾਲਣ ਲਈ ਉਸਦਾ ਪਰਿਵਾਰ ਹੈ, ਅਤੇ ਉਸਨੇ ਇੱਥੇ ਆਉਣ ਲਈ, ਆਪਣੀ ਨੌਕਰੀ ਅਤੇ ਸਭ ਕੁਝ ਛੱਡ ਦਿੱਤਾ ਹੈ।

23 ਮੈਂ ਮਹਿਸੂਸ ਕਰ ਸਕਦਾ ਹਾਂ ਬਹੁਤ ਸਾਲ ਪਹਿਲਾਂ ਮੈਨੂੰ ਸੇਵਾ ਲਈ ਬੁਲਾਇਆ ਗਿਆ ਸੀ। ਮੈਂ ਕਦੇ ਵੀ ਇੱਕ ਸਫਲ ਪਾਸਟਰ ਨਹੀਂ ਬਣ ਸਕਿਆ, ਕਿਉਂਕਿ ਮੇਰੇ ਅੰਦਰ ਇੱਕ ਘੁੰਮਣ ਵਾਲੀ, ਸੈਰਸਪਾਟੇ ਵਾਲੀ ਆਤਮਾ ਹੈ। ਮੈਂ ਕਦੇ ਵੀ ਕਿਤੇ ਵੀ ਸੰਤੁਸ਼ਟ ਨਹੀਂ ਹੋ ਸਕਦਾ। ਬਸ ਜਿਸ ਥਾਂ ਵੀ ਆਤਮਾ ਜਾਣਦਾ ਹੈ, ਬਸ ਮੈਨੂੰ ਉਸੇ ਨਾਲ ਹੀ ਜਾਣਾ ਪੈਂਦਾ ਹੈ, ਕਿਉਂ ਜੋ ਮੇਰੇ ਕੋਲ ਇੱਕ ਸੰਦੇਸ਼ ਹੈ। ਯਿਸੂ ਨੇ ਆਖਿਆ, “ਮੈਨੂੰ ਜਰੂਰੀ ਹੈ ਕਿ ਇਹਨਾਂ ਦੂਸਰੇ ਸ਼ਹਿਰਾਂ

ਅੰਦਰ ਵੀ ਪ੍ਰਚਾਰ ਕਰਾਂ।"

24 ਪਰ ਉੱਥੇ ਉਹ ਵੀ ਹਨ ਜੋ ਚਰਵਾਹੇ ਹਨ ਉਹ ਝੁੰਡ ਦੀ ਰਾਖੀ ਕਰਦੇ ਹਨ। ਮੈਂ ਬਹੁਤ ਸ਼ੁਕਰਗੁਜਾਰ ਹਾਂ ਕਿ ਭਾਈ ਪੀਅਰੀ ਪਵਿੱਤਰ ਆਤਮਾ ਦੀ ਅਗਵਾਈ ਪਿੱਛੇ ਚਲਿਆ ਹੈ, ਅਤੇ ਅੱਜ ਸਾਡੇ ਕੋਲ ਇੱਕ ਡੇਰਾ ਹੈ। ਇਹ ਇੱਕ ਛੋਟਾ ਡੇਰਾ ਹੈ। ਇਹ ਸ਼ੁਰੂਆਤ ਲਈ ਕਾਫੀ ਚੰਗਾ ਹੈ, ਕਿ ਵੇਖਿਆ ਜਾਏ ਪਵਿੱਤਰ ਆਤਮਾ ਕੀ...ਨਾ ਜਾਣਦੇ ਹੋਏ, ਬੱਸ ਆਓ ਅਸੀਂ ਕਦਮ ਕਦਮ ਕਰਕੇ ਅੱਗੇ ਵਧੀਏ। ਹੁਣ, ਮੇਰੀ ਨਿਹਚਾ ਹੈ, ਕਿ ਜੇ ਕਰ ਪਰਮੇਸ਼ੁਰ ਨੇ ਭਾਈ ਅਤੇ ਭੈਣ ਗ੍ਰੀਨ ਨਾਲ ਗੱਲ ਕੀਤੀ ਹੈ, ਕਿ ਇੱਥੇ ਆਉਣ, ਅਤੇ ਇੱਕ ਸਥਾਨ ਖੋਲ੍ਹ ਦਿੱਤਾ ਹੈ ਜਿਸ ਥਾਂ ਤੇ ਸਾਡੇ ਬੱਚੇ; ਐਤਵਾਰ ਸਵੇਰ ਨੂੰ ਸਾਈਕਲਾਂ ਭਜਾਉਣ ਦੀ ਬਜਾਏ, ਅਤੇ ਗਲੀਆਂ ਦੇ ਵਿੱਚ ਏਧਰ ਓਧਰ ਜਾਣ ਦੀ ਬਜਾਏ, ਉਨ੍ਹਾਂ ਕੋਲ ਇੱਕ ਅਰਾਧਨਾ ਦਾ ਸਥਾਨ ਹੈ, ਇਸ ਦੇ ਇਲਾਵਾ ਕਿ ਅਸੀਂ ਬੈਠੇ ਹੋਈਏ ਅਤੇ ਉਸ ਚੀਜ ਨੂੰ ਰੇਡੀਓ ਜੋ ਅਸੀਂ ਰੇਡੀਓ ਰਾਹੀਂ ਸੁਣਿ ਹੈ, ਜੋ ਕਿ ਠੀਕ ਵੀ ਹੈ।

25 ਪਰ ਸਾਡੇ ਕੋਲ, ਇੱਕ ਝੁੰਡ ਦੇ ਤੌਰ ਤੇ, ਸਾਡੇ ਕੋਲ ਅੱਜ ਦੇ ਦਿਨ ਲਈ ਇੱਕ ਸੰਦੇਸ਼ ਹੈ। ਅਸੀਂ, ਅਸੀਂ ਨਿਹਚਾ ਰੱਖਦੇ ਹਾਂ ਪਰਮੇਸ਼ੁਰ ਨੇ ਸਾਨੂੰ ਇੱਕ ਸੰਦੇਸ਼ ਦਿੱਤਾ ਹੈ। ਅਤੇ ਭਾਈ ਗ੍ਰੀਨ, ਨੂੰ, ਮੈਂ ਆਪਣਾ ਸਹਾਇਕ ਕਹਿਣਾ ਨਹੀਂ ਚਾਹੁੰਦਾ ਹਾਂ, ਕਿਉਂਕਿ ਅਸੀਂ ਹਾਂ...ਖੈਰ, ਅਸੀਂ ਇੱਕ ਤਾਂ, ਹਾਂ, ਉਹ ਮੇਰਾ ਸਹਾਇਕ ਵੀ ਹੈ, ਅਸੀਂ ਇਸ ਸੰਦੇਸ਼ ਅੰਦਰ ਇਕੱਠੇ ਹੀ ਹਾਂ। ਭਾਈ ਗ੍ਰੀਨ ਉਹੀ ਗੱਲ ਅਤੇ ਸੰਦੇਸ਼ ਨੂੰ ਪਰਚਾਰਦੇ ਹਨ ਜਿਸ ਵਿੱਚ ਮੇਰੀ ਨਿਹਚਾ ਹੈ। ਉਸਨੇ ਆਪਣਾ ਘਰ ਛੱਡ ਦਿੱਤਾ ਹੈ, ਉਸਨੇ ਆਪਣੇ ਲੋਕ ਛੱਡ ਦਿੱਤੇ ਹਨ, ਆਪਣੀ ਕਲੀਸੀਆ ਛੱਡ ਦਿੱਤੀ ਹੈ। ਮੇਰਾ ਮੰਨਣਾ ਹੈ, ਕਿ ਉਹ, ਜਥੇਬੰਦੀਆਂ ਵਿੱਚੋਂ, ਕਿਸੇ ਇੱਕ ਦਾ ਜਿਲਾ ਪ੍ਰਬੰਧਕ ਜਾਂ ਕੁਝ ਸੀ, ਜਦ ਉਸਨੇ ਇਹ ਸੰਦੇਸ਼ ਸੁਣਿਆ ਤਾਂ ਸਭ ਕੁਝ ਛੱਡ ਦਿੱਤਾ। ਉਸ ਨੇ ਉਹ ਹਰੇਕ ਚੀਜ ਛੱਡ ਦਿੱਤੀ ਜੋ ਉਸ ਨੂੰ ਪਿਆਰੀ ਸੀ, ਇਸ ਤੋਂ ਇਲਾਵਾ, ਉਹ ਮਾਰੂਥਲ ਵਿੱਚ ਆ ਗਿਆ, ਬਸ ਇਸ ਗੱਲ ਦਾ ਸਮਰਥਨ ਕਰ ਲਈ ਜਿਹੜੀ ਪਰਮੇਸ਼ੁਰ ਹੁਣ ਸਾਨੂੰ ਦੇ ਰਿਹਾ ਹੈ।

26 ਮੈਂ ਕਹਿੰਦਾ ਹਾਂ ਕਿ ਮੈਂ ਵਿਸ਼ਵਾਸ ਕਰਦਾ ਹਾਂ ਕਿ ਇਹ ਸਿਰਫ ਸਾਡੇ ਦਿਲਾਂ ਵਿੱਚ ਹੀ ਨਹੀਂ ਹੋਣਾ ਚਾਹੀਦਾ, ਸਗੋਂ ਇਹ ਸਾਡਾ ਫਰਜ਼ ਹੋਣਾ ਚਾਹੀਦਾ ਹੈ ਕਿ ਅਸੀਂ ਉਸਦਾ ਸਾਥ ਦੇਈਏ, ਜੋ ਕੁਝ ਵੀ ਅਸੀਂ ਕਰ ਸਕਦੇ ਹਾਂ, ਸੇਵਾਵਾਂ ਵਿੱਚ ਸ਼ਾਮਲ ਹੋਣ ਲਈ, ਇੱਥੇ ਆ ਕੇ ਅਰਾਧਨਾ ਕਰਨ ਲਈ, ਅਤੇ ਇਸ ਨੂੰ ਅਜਿਹੀ ਥਾਂ ਬਣਾਉਣ ਲਈ ਜਿੱਥੇ ਪਰਮੇਸ਼ੁਰ ਸਾਡੇ ਤੇ ਉਹ ਚੀਜਾਂ ਪ੍ਰਗਟ ਕਰ

ਸਕੇ ਜੋ ਉਸ ਨੇ ਸਾਡੇ ਲਈ ਪ੍ਰਗਟ ਕਰਨ ਨੂੰ ਰੱਖੀਆਂ ਹਨ। ਅਤੇ ਜਿਸ ਉਸ ਦੇ ਸ਼ਬਦ ਕਹਿੰਦੇ ਹਨ, “ਸੰਦੇਸ਼ ਮੇਰੇ ਕੋਲ ਪ੍ਰੇਰਣਾ ਰਹਿਣ ਨਹੀਂ ਆਉਂਦਾ, ਜਿਸ ਤਰ੍ਹਾਂ ਕਿ ਸਾਡੇ ਕੁਝ ਲਈ ਆਉਂਦਾ ਹੈ, ਪਰ,” ਉਸ ਆਖਿਆ, “ਮੈਂ ਇੱਥੇ ਹਾਂ ਤਾਂ ਜੋ ਉਸ ਦਾ ਸਮਰਥਨ ਕਰਾਂ ਜੋ ਪਰਮੇਸ਼ੁਰ ਨੇ ਦਿੱਤਾ ਹੈ।” ਕਿਹੋ ਜਿਹਾ ਬਿਆਨ ਹੈ। ਅਤੇ ਮੈਂ ਵਿਸ਼ਵਾਸ ਕਰਦਾ ਹਾਂ, ਜੇ ਅਸੀਂ ਸਾਰੇ ਇੱਕੱਠੇ ਮਿਲ ਕੇ ਸਹਿਯੋਗ ਕਰਾਂਗੇ, ਤਾਂ ਅਸੀਂ ਇਸ ਵਿੱਚ ਆਪਣਾ ਮਨ ਲੱਗਾ ਦਿਆਂਗੇ।

27 ਮੈਂ ਤੁਹਾਨੂੰ ਹਰੇਕ ਨੂੰ ਜਾਣਦਾ ਹਾਂ, ਜੇ ਕਰ ਤੁਸੀਂ ਉਸੇ ਤਰ੍ਹਾਂ ਮਹਿਸੂਸ ਕਰੋ ਜਿਸ ਪ੍ਰਕਾਰ ਮੈਂ ਕਰਦਾ ਹਾਂ, ਮੈਂ ਪਰਮੇਸ਼ੁਰ ਦੇ ਆਤਮਾ ਨੂੰ ਕੰਮ ਕਰਦੇ ਵੇਖਣ ਲਈ ਇੰਨ੍ਹਾਂ ਪਿਆਸਾ ਹਾਂ, ਕਿ ਬਸ ਮੈਂ ਇਸ ਲਈ ਰੁਕ ਨਹੀਂ ਸਕਦਾ। ਪਹਾੜ ਉੱਤੇ ਹਾਲ ਹੀ ਵਿੱਚ ਮੈਨੂੰ ਕੁਝ ਤਜਰਬੇ ਮਿਲੇ ਹਨ, ਬਸ ਉਸ ਚੀਜ ਨੂੰ ਦੁਬਾਰਾ ਮਹਿਸੂਸ ਕਰਨ ਲਈ, ਕੁਝ ਇਸ ਤਰ੍ਹਾਂ ਕਿ ਜਦ ਸ਼ੁਰੂ ਵਿੱਚ ਮੈਂ ਤਬਦੀਲ ਹੋਇਆ ਸਾਂ ਮੇਰਾ ਮੰਨ ਇਨਾਂ ਆਨੰਦ ਨਾਲ ਭਰਿਆ ਹੋਇਆ ਸੀ! ਅਸੀਂ ਇੱਕ ਸਥਾਨ ਤੇ ਆ ਸਕਦੇ ਹਾਂ, ਬੈਠ ਕੇ ਅਸੀਂ ਇਸਨੂੰ ਆਪਣੇ ਵਿਚਕਾਰ ਦੇਖ ਸਕਦੇ ਹਾਂ, ਕਿ ਅਸੀਂ ਸੁੱਕ ਰਹੇ ਹਾਂ। ਜਦ ਅਸੀਂ ਇੱਥੇ ਮਾਰੂਥਲ ਵਿੱਚ ਬੈਠੇ ਹਾਂ, ਮੈਂ ਆਪਣੇ ਭਾਈਆਂ ਵਿਚਕਾਰ ਜਾਂਦਾ ਹਾਂ, ਉਹ ਮੇਰੇ ਨਾਲ ਅਤੇ ਮੈਂ ਉਹਨਾਂ ਨਾਲ ਗੱਲਾਂ ਕਰਦਾ ਹਾਂ; ਹਮੇਸ਼ਾ, ਵੇਖਣ ਦੇ ਇੱਕ ਛੋਟੇ ਜਿਹੇ ਢੰਗ ਨਾਲ, ਉੱਥੇ ਆਤਮਾ ਨਾਲ ਮਹਿਸੂਸ ਕਰਦੇ ਹੋਏ, ਜਿਵੇਂ ਉਹ ਸੀ, ਉਸ ਭਾਈ ਦੀ ਹਾਲਤ ਨੂੰ ਵੇਖਣ ਲਈ, ਇਹ ਵੇਖਣ ਲਈ ਕਿ ਕੀ ਗੱਲਤ ਹੈ। ਮੈਂ ਮਹਿਸੂਸ ਕਰਨ ਲੱਗਾ ਕਿ ਅਸੀਂ ਸਾਰੇ ਪਿੱਛੇ ਹਟ ਰਹੇ ਹਾਂ, ਆਤਮਾ ਤੋਂ ਦੂਰ ਹੋ ਰਹੇ ਹਾਂ। ਇਹ ਸਾਡੇ ਲਈ ਬਹੁਤ ਕੁਦਰਤੀ ਗੱਲ ਬਣ ਗਈ ਹੈ। ਸਾਨੂੰ ਜਰੂਰ ਆਤਮਾ ਨਾਲ ਭਗਤੀ ਕਰਨੀ ਚਾਹੀਦੀ ਹੈ, ਜਿਸ ਸਥਾਨ ਤੇ ਪਰਮੇਸ਼ੁਰ ਦਾ ਆਤਮਾ… ਸਿਰਫ਼ ਸਾਡਾ ਸੰਦੇਸ਼ ਹੀ ਸਮੇਂ ਦੀ ਅੱਗ ਦੀ ਲਾਟ ਨਹੀਂ ਹੋਣਾ ਚਾਹੀਦਾ, ਸਾਡੇ ਦਿਲਾਂ ਅੰਦਰ ਅੱਗ ਦੀ ਲਾਟ ਹੋਣੀ ਚਾਹੀਦੀ ਹੈ। ਸਮਝੇ? ਇਹ ਸਾਡੇ ਦਿਲਾਂ ਅੰਦਰ ਹੋਣੀ ਚਾਹੀਦੀ ਹੈ, ਨਹੀਂ ਤਾਂ ਅਸੀਂ ਸਹੀ ਢੰਗ ਨਾਲ ਇਸ ਨੂੰ ਲੋਕਾਂ ਲਈ ਪੇਸ਼ ਨਹੀਂ—ਨਹੀਂ ਕਰ ਸਕਦੇ ਹਾਂ। ਆਤਮਾ ਨੂੰ ਆਪ ਹੀ, ਸੰਦੇਸ਼ ਨੂੰ ਲੈ ਜਾਣਾ ਪੈਂਦਾ ਹੈ। ਅਤੇ ਮੈਨੂੰ ਤੁਹਾਡੇ ਵਿੱਚੋਂ ਹਰ ਇੱਕ ਤੇ ਭਰੋਸਾ ਅਤੇ ਵਿਸ਼ਵਾਸ ਹੈ, ਕਿ ਤੁਸੀਂ ਇਕ ਸੱਚੇ ਮਸੀਹੀ ਬਣੋਗੇ।

28 ਹੁਣ ਉਹਨਾਂ ਸੰਡੇ ਸਕੂਲ ਦੇ ਅਧਿਆਪਕਾਂ ਦੀ ਲੋੜ ਹੈ। ਉਹਨਾਂ ਨੂੰ ਇੱਕ ਕਰਮਚਾਰੀ ਦੀ ਲੋੜ ਪਵੇਗੀ। ਅਤੇ ਮੈਂ ਇਹ ਕਹਿਣਾ ਚਾਹੁੰਦਾ ਹਾਂ ਤਾਂ ਜੋ ਤੁਸੀਂ ਇਸਨੂੰ ਚੰਗੀ ਤਰ੍ਹਾਂ ਸਮਝ ਸਕੋ। ਇਹ ਮੇਰੀ ਕਲੀਸਿਆ ਹੈ।

29 ਮੈਨੂੰ ਇੱਥੇ ਆਇਆਂ ਤਿੰਨ ਸਾਲ ਹੋ ਚੁੱਕੇ ਹਨ। ਅਤੇ ਮੇਰੇ ਲਈ ਇੱਕ

ਦਰਵਾਜਾ ਖੁੱਲ੍ਹਾ ਸੀ, ਉਹ ਸੀ ਭਾਈ ਮੈਕ ਜਿਸ ਨੇ ਮੈਨੂੰ ਆਖਿਆ ਆ ਕੇ ਪ੍ਰਚਾਰ ਕਰੋ। ਪਰਮੇਸ਼ੁਰ ਉਸਨੂੰ ਆਸ਼ੀਸ਼ ਦੇਵੇ। ਮੈਨੂੰ ਹੋਰ ਲੋਕਾਂ ਵਿੱਚੋਂ ਕਿਸੇ ਨੇ ਨਹੀਂ ਸੱਦਾ ਦਿੱਤਾ; ਉਹਨਾਂ ਦੇ ਵਿਰੁੱਧ ਕੁਝ ਨਹੀਂ, ਉਹ ਸਾਰੇ ਚੰਗੇ ਲੋਕ ਹਨ। ਭਾਈ ਬ੍ਰੋਕ, ਮੇਰਾ ਇੱਕ ਵਧੀਆ ਮਿੱਤਰ ਹੈ, ਭਾਈ ਗਿਲਮੋਰ, ਅਤੇ ਇੱਥੋਂ ਦੇ ਬਹੁਤ ਸਾਰੇ ਪੈਂਟੀਕੋਸਟਲ ਭਾਈ, ਮੇਰੇ ਬਹੁਤ ਹੀ, ਬਹੁਤ ਹੀ ਗਹਿਰੇ ਦੋਸਤ ਹਨ। ਮੈਂ ਉਨ੍ਹਾਂ ਨੂੰ ਪਿਆਰ ਕਰਦਾ ਹਾਂ; ਉਨ੍ਹਾਂ ਖਿਲਾਫ ਕੁਝ ਵੀ ਨਹੀਂ ਹੈ। ਮੈਂ ਉਨ੍ਹਾਂ ਦੀ ਸਥਿਤੀ ਨੂੰ ਸਮਝਦਾ ਹਾਂ। ਉਹ ਮੈਨੂੰ ਉੱਥੇ ਸਦਾ ਦੇ ਕੇ, ਆਪਣੀ ਜਥੇਬੰਦੀ ਵਿੱਚ ਨਹੀਂ ਰਹਿ ਸਕਦੇ। ਵੇਖੋ, ਉਹ ਅਜਿਹਾ ਨਹੀਂ ਕਰ ਸਕਦੇ। ਕਿਉਂਕਿ, ਜੇ ਉਹ ਐਸਾ ਕਰਦੇ ਹਨ, ਤਾਂ ਉਹਨੂੰ ਬਾਹਰ ਕੱਢ ਦਿੱਤਾ ਜਾਂਦਾ ਹੈ। ਤਾਂ ਤੁਸੀਂ ਉਨ੍ਹਾਂ ਦੀ ਸਥਿਤੀ ਨੂੰ ਸਮਝ ਸਕਦੇ ਹੋ। ਮੈਨੂੰ ਵੀ ਉਸੇ ਚੀਜ਼ ਦਾ ਸਾਹਮਣਾ ਕਰਨਾ ਪਿਆ ਸੀ। ਪਰ ਮੇਰੇ ਨਾਲ, ਸਦਾ ਇਹ ਹੋਵੇ, "ਪਹਿਲਾਂ ਪਰਮੇਸ਼ੁਰ ਦੇ ਰਾਜ ਦੀ ਭਾਲ ਕਰ," ਪਰਮੇਸ਼ੁਰ ਦੀ ਇੱਛਾ ਦੀ।

30 ਅਤੇ ਹੁਣ, ਭਾਈ ਗ੍ਰੀਨ, ਪਰਮੇਸ਼ੁਰ ਨੇ ਉਸਨੂੰ ਇੱਥੇ ਭੇਜਿਆ ਹੈ ਅਤੇ ਸਾਡੇ ਲਈ ਇੱਕ ਕਲੀਸਿਆ ਖੋਲ੍ਹੀ ਹੈ ਜੋ ਉਸੇ ਅਨਮੋਲ ਵਿਸ਼ਵਾਸ ਨਾਲ ਭਰੀ ਹੈ ਜਿਸ ਵਿੱਚ ਅਸੀਂ ਵਿਸ਼ਵਾਸ ਕਰਦੇ ਹਾਂ, ਸਾਨੂੰ ਪਰਮੇਸ਼ੁਰ ਦੇ ਬਹੁਤ ਸ਼ੁਕਰਗੁਜਾਰ ਹੋਣਾ ਚਾਹੀਦਾ ਹੈ, ਅਤੇ ਹਰੇਕ ਸਭਾ ਵਿੱਚ ਹਾਜਰ ਹੋਣਾ ਚਾਹੀਦਾ ਹੈ, ਜਿੱਥੇ ਕਿਤੇ ਵੀ ਅਸੀਂ ਸ਼ਾਮਲ ਹੋ ਸਕਦੇ ਹਾਂ। ਅਤੇ ਜੇ ਸਾਨੂੰ ਪ੍ਰਾਰਥਨਾ ਕਰਨ, ਭਾਲਣ, ਜਾਂ ਕੁਝ ਕਰਨ ਲਈ, ਬੁਲਾਇਆ ਜਾਂਦਾ ਹੈ, ਤਾਂ ਆਓ ਅਸੀਂ ਸੈਨਿਕ ਬਣੀਏ…ਸਦਾ ਇਹਨੂੰ ਕਰਨ ਲਈ ਉਤਸ਼ਾਹਿਤ ਰਹੀਏ। ਸਮਝੇ?

31 ਸੁਨੇਹੇ ਨੂੰ ਆਦਰਯੋਗ ਰੱਖੋ, ਸਹੀ ਢੰਗ ਦੀ ਜ਼ਿੰਦਗੀ ਜੀਓ। ਇਸ ਉੱਤੇ ਕੋਈ ਦਾਗ ਨਾ ਲਗਣ ਦਿਓ। ਹੁਣ ਅਸੀਂ ਅੰਤਮ ਘੜੀਆਂ ਅੰਦਰ ਜੀਵਨ ਗੁਜਾਰ ਰਹੇ ਹਾਂ। ਅਸੀਂ—ਅਸੀਂ ਵੇਲੇ ਘੜੀ ਦੇ ਅੰਤ ਤੇ ਹਾਂ। ਆਓ ਇਸ ਨੂੰ ਸਾਫ ਢੰਗ ਨਾਲ ਜੀਓ। ਠੀਕ ਹੈ, ਮੇਰਾ ਜੀਵਨ, ਤੁਹਾਡਾ ਜੀਵਨ, ਸਾਡੇ ਸਾਰਿਆਂ ਦੇ ਜੀਵਨ ਨੂੰ ਪਰਮੇਸ਼ੁਰ ਦੀ ਹਜ਼ੂਰੀ ਵਿੱਚ, ਉਠਾਏ ਜਾਣ ਦੀ ਲੋੜ ਹੈ।

32 ਸਾਡੇ ਨੌਜਵਾਨ ਇੱਕ ਮਨੋਰੰਜਨ ਤੋਂ ਦੂਸਰੇ ਮਨੋਰੰਜਨ ਵੱਲ, ਬਸ ਸਵਾਰ ਹੋ ਕੇ ਚੁਫੇਰੇ ਘੁੰਮਦੇ ਰਹਿੰਦੇ ਹਨ, ਅਤੇ ਪਰਮੇਸ਼ੁਰ ਤੋਂ ਦੂਰ ਅਤੇ ਹੋਰ ਦੂਰ ਹੁੰਦੇ ਜਾ ਰਹੇ ਹਨ। ਸਹੀ ਗੱਲ ਹੈ। ਹੁਣ, ਇਹੀ ਸੱਚਾਈ ਹੈ। ਮੈਂ ਇਹ ਗੱਲ ਆਪਣੇ ਬੱਚਿਆਂ ਅੰਦਰ ਵੇਖਦਾ ਹਾਂ, ਮੈਂ ਖੁਦ ਨੂੰ ਇੱਕ ਸਥਾਨ ਤੇ ਜਾਂਦੇ ਵੇਖਦਾ ਹਾਂ ਜਿੱਥੇ…ਤੁਹਾਨੂੰ, ਪਰਮੇਸ਼ੁਰ ਦੀ ਅਰਾਧਨਾ ਕਰਨ ਲਈ, ਇਕੱਠੇਕ ਹੋਣ ਦੀ ਲੋੜ ਹੈ; ਬਾਈਬਲ ਨੇ ਇਸ ਤਰ੍ਹਾਂ ਆਖਿਆ ਹੈ, "ਜਦੋਂ ਅਸੀਂ ਇਸ ਦਿਨ ਨੂੰ

ਨੇੜੇ ਆਉਂਦਿਆਂ ਵੇਖਦੇ ਹਾਂ, ਓਨੇ ਵੱਧ ਇਕੱਠੇ ਹੋਵੋ।" ਜੇਕਰ ਇੱਥੇ ਸਿਰਫ਼ ਦੋ ਲੋਕ ਹਨ, ਤਾਂ ਤੁਸੀਂ ਉਨ੍ਹਾਂ ਵਿੱਚੋਂ ਇੱਕ ਹੋਵੋ। ਹੁਣ ਉਹ...ਅਤੇ ਜੇਕਰ ਅਸੀਂ ਇਕੱਠੇ ਹੋਈਏ ਅਤੇ ਇਕੱਠੇ ਹੋ ਕੇ ਅਰਾਧਨਾ ਕਰੀਏ, ਤਾਂ ਅਸੀਂ ਬਸ, ਇਸ ਬਾਰੇ ਇੱਕ ਹੋਰ ਗੱਲ ਹੈ, ਯਿਸੂ ਨੇ ਆਖਿਆ, "ਜਿਸ ਥਾਂ ਦੋ ਜਾਂ ਤਿੰਨ ਜਣੇ ਮੇਰੇ ਨਾਮ ਵਿੱਚ ਇਕੱਠੇ ਹੋਣਗੇ, ਮੈਂ ਉੱਥੇ ਉਹਨਾਂ ਵਿਚਕਾਰ ਹੋਵਾਂਗਾ।"

33 ਹੁਣ, ਜਿਸ ਤਰ੍ਹਾਂ ਮੈਂ ਪਹਿਲਾਂ ਕਿਹਾ ਸੀ, ਭਾਈ ਗ੍ਰੀਨ ਨੇ ਮੈਨੂੰ ਦੱਸਿਆ, ਅਤੇ ਉਸਨੇ ਇਹ ਆਖਿਆ ਸੀ। ਮੇਰੀ ਪਤਨੀ ਆਈ, ਉਸ ਨੇ ਮੈਨੂੰ ਉਹ ਦੱਸਿਆ ਜੋ ਉਸਨੇ ਮੇਰੀ ਗੈਰ ਹਾਜਰੀ ਵਿੱਚ ਆਖਿਆ ਸੀ। ਜੋ, ਉਸਨੇ ਇਸ ਸਵੇਰ ਕਿਹਾ ਸੀ, "ਪ੍ਰਚਾਰ ਮੰਚ ਹਰ ਵੇਲੇ ਖੁੱਲਾ ਹੈ।" ਹੁਣ ਆਮ ਤੌਰ ਤੇ... ਉਹ, ਮੇਰੇ ਪ੍ਰਚਾਰ ਕਰਨ ਲਈ ਖੁੱਲੀ ਰਹਿੰਦੀ ਹੈ।

34 ਹੁਣ, ਆਮ ਤੌਰ ਤੇ, ਮੈਨੂੰ ਜੈਫਰਸਨਵਿਲੇ, ਇੰਡਿਆਨਾ ਤੋਂ ਗੱਡੀ ਚਲਾ ਕੇ ਆਉਣਾ ਪੈਂਦਾ ਹੈ, ਤਾਂ ਜੋ ਇੱਕ ਸੰਦੇਸ਼ ਦਿਆਂ ਜੋ ਪਰਮੇਸ਼ੁਰ ਨੇ ਮੈਨੂੰ ਦਿੱਤਾ ਹੈ, ਲੋਕਾਂ ਤੱਕ ਉਹ ਸੰਦੇਸ਼ ਪਹੁੰਚਾਉਣ ਲਈ; ਜੈਫਰਸਨਵਿਲ, ਇੰਡਿਆਨਾ ਤੋਂ ਲੈ ਕੇ, ਅਤੇ ਤੁਹਾਡੇ ਵਿੱਚੋਂ ਹਰ ਇੱਕ ਦੇਸ਼ ਭਰ ਵਿੱਚ, ਤਾਰਾਂ ਅਤੇ ਹੋਰ ਜਰੀਏ ਰਾਹੀਂ ਸੰਦੇਸ਼ ਨੂੰ ਸੁਣਦੇ ਹੋ, ਕਿਉਂ ਜੋ ਉਹੀ ਕੁਝ ਹੈ ਜਿਸ ਨਾਲ ਅਸੀਂ ਜੀ ਰਹੇ ਹਾਂ। ਵੇਖੋ, ਅਸੀਂ ਇੱਥੇ ਇਸ ਲਈ ਹੀ ਹਾਂ। ਖੈਰ, ਹੁਣ ਸਾਨੂੰ ਅਜਿਹਾ ਨਹੀਂ ਕਰਨਾ ਪਵੇਗਾ।

35 ਪਰਮੇਸ਼ੁਰ ਨੇ ਮੈਨੂੰ ਇੱਕ ਸੰਦੇਸ਼ ਦੇਵੇਗਾ, ਤਾਂ ਮੈਂ ਠੀਕ ਇਸ ਸਥਾਨ ਤੇ ਆ ਕੇ ਮੰਚ ਤੇ ਪ੍ਰਚਾਰ ਕਰ ਸਕਦਾ ਹਾਂ, ਅਤੇ ਇਹ ਕਰਨ ਲਈ ਅਜਾਦੀ ਮਹਿਸੂਸ ਕਰਦਾ ਹਾਂ। ਹਾਂ। ਅਤੇ ਮੇਰੀ ਨਿਹਚਾ ਹੈ, ਉਸ ਤਰ੍ਹਾਂ ਕਰਨ ਨਾਲ, ਸਰਬਸ਼ਕਤੀਮਾਨ ਪਰਮੇਸ਼ੁਰ ਤੁਹਾਨੂੰ ਆਸ਼ੀਸ਼ ਦੇਵੇਗਾ ਜੇ ਹੁਣ ਤੁਸੀਂ ਬਸ ਇਸ ਮੰਡਲੀ ਨਾਲ ਖੜੇ ਰਹੋ, ਇਸ ਝੁੰਡ ਦੇ ਲੋਕਾਂ ਨਾਲ। ਨਾ ਕਿ ਸਿਰਫ਼ ਐਨਾ ਹੀ, ਪਰ ਆਓ ਅਸੀਂ ਬਾਹਰ ਜਾਈਏ ਅਤੇ ਵੇਖੀ ਕਿ ਜੇ ਕਰ ਅਸੀਂ ਦੂਸਰਿਆਂ ਨੂੰ ਅੰਦਰ ਲਿਆ ਸਕਦੇ ਹਾਂ ਜਾਂ ਨਹੀਂ। ਵੇਖੋ, ਹਰੇਕ ਸਥਾਨ ਤੇ ਹਰੇਕ ਨਾਲ ਗੱਲ ਕਰੀਏ, ਉਹਨਾਂ ਨਾਲ ਸਾਡੇ ਚਰਚ ਬਾਰੇ ਗੱਲ ਕਰੀਏ ਕਿ ਇਸ ਦਾ ਕੀ ਮਤਲਬ ਹੈ। ਸਾਡੀ ਕਲੀਸੀਆ ਕੀ ਹੈ...ਅਸੀਂ ਇੱਥੇ ਹਾਂ। ਅਸੀਂ ਚਾਹੁੰਦੇ ਹਾਂ, ਤੁਸੀਂ ਆਓ ਨਾਵਾਕਾਫ਼ਾ ਨੂੰ ਅੰਦਰ ਲਿਆਓ, ਅਤੇ ਮੈਂ ਪੱਕੀ ਤਰ੍ਹਾਂ ਜਾਣਦਾ ਹਾਂ ਕਿ ਸਾਡੇ ਸਭਨਾਂ ਲਈ ਠੀਕ ਹੋਵੇਗਾ। ਸਮਝੇ? ਸਾਡੇ ਕੋਲ ਭਵਨ ਹੈ, ਜਿਸ ਲਈ ਅਸੀਂ ਧੰਨਵਾਦੀ ਹਾਂ। ਅਸੀਂ ਇਸ ਸਥਾਨ ਲਈ ਇੱਥੇ ਇਕੱਠੇ ਹੋਣ ਲਈ ਧੰਨਵਾਦੀ ਹਾਂ।

36 ਪਰ, "ਅੱਤ ਮਹਾਨ ਹੱਥਾਂ ਦੀਆਂ ਬਣੀਆਂ ਹੋਈਆਂ ਹੈਕਲਾਂ ਵਿੱਚ ਨਹੀਂ

ਵੱਸਦਾ, ਸਮਝੇ, 'ਆਕਾਸ਼ ਮੇਰਾ ਸਿੰਘਾਸਨ, ਅਤੇ ਧਰਤੀ ਮੇਰੇ ਪੈਰ ਰੱਖਣ ਦੀ ਚੌਂਕੀ ਹੈ; ਮੇਰੀ ਅਰਾਮ ਗਾਹ ਫੇਰ ਕਿੱਥੇ ਹੋਵੇਗੀ? ਪਰ ਤੂੰ ਮੇਰੇ ਲਈ ਇੱਕ ਦੇਹ ਤਿਆਰ ਕੀਤੀ ਹੈ।'"

37 ਅਤੇ ਅਸੀਂ ਪ੍ਰਭੂ ਦੀ ਦੇਹ ਹਾਂ। ਇਸ ਲਈ ਜਿਸ ਤਰ੍ਹਾਂ ਅਸੀਂ ਇੱਕ ਇਮਾਰਤ ਤੋਂ ਦੂਸਰੀ ਇਮਾਰਤ ਜਾ ਰਹੇ ਹਾਂ, ਮੈਂ, ਸਾਡਾ ਸੰਦੇਸ਼ ਪੇਸ਼ ਕਰਨ ਅੰਦਰ ਨਿਹਚਾ ਰੱਖਦਾ ਹਾਂ, ਅਤੇ ਅਸੀਂ ਆ ਕੇ ਚੰਗਿਆਈ ਦੀ ਬੰਦਗੀ ਕਰਾਂਗੇ। ਅਤੇ ਪ੍ਰਭੂ ਜਿਹੜੀ ਵੀ ਗੱਲ ਸਾਡੇ ਕਰਨ ਲਈ ਪ੍ਰਗਟ ਕਰਦਾ ਹੈ, ਅਸੀਂ ਠੀਕ ਇੱਥੇ ਇਸੇ ਕਲੀਸੀਆ ਅੰਦਰ ਕਰਾਂਗੇ, ਜਦ ਤਕ ਇਹ ਐਨੀ ਵੱਧ ਕੇ ਫੈਲ ਨਾ ਜਾਵੇ ਕਿ ਤੁਹਾਨੂੰ ਕਿਸੇ ਹੋਰ ਥਾਂ ਤੇ ਲੈ ਜਾਣਾ ਪਵੇ, ਅਤੇ ਫਿਰ ਕਿਤੇ ਹੋਰ, ਜਦੋਂ ਤਕ ਯਿਸੂ ਨਾ ਆਵੇ। ਪਰਮੇਸ਼ੁਰ ਤੁਹਾਨੂੰ ਆਸ਼ੀਸ਼ ਦੇਵੇ। [ਟੇਪ ਤੇ ਖਾਲੀ ਥਾਂ—ਸੰਪਾ.]

ਆਓ ਆਪਣੇ ਸਿਰਾਂ ਨੂੰ ਝੁਕਾਈਏ ।

38 ਪਿਆਰੇ ਪਰਮੇਸ਼ੁਰ, ਜਿਸ ਤਰ੍ਹਾਂ ਅਸੀਂ ਇਸ ਮੰਚ ਤੇ ਖੜ੍ਹੇ ਹਾਂ, ਜੋ ਕਿ ਠੀਕ ਇੱਥੇ ਜਗਵੇਦੀ ਨੂੰ, ਪੇਸ਼ ਕਰਦਾ ਹੈ, ਅਸੀਂ ਸਮਝਦੇ ਹਾਂ ਕਿ ਅਸੀਂ ਇੱਕ— ਇੱਕ ਮਰ ਰਹੀ ਪੀੜੀ ਦੇ ਲੋਕ ਹਾਂ, ਜਿੱਥੋਂ ਤਕ ਇਸ ਧਰਤੀ ਦਾ ਸੰਬੰਧ ਹੈ। ਅਸੀਂ ਗਲੀਆਂ ਵਿੱਚ ਝਾਤੀ ਮਾਰ ਕੇ ਵੇਖਦੇ ਹਾਂ ਕਿ ਹਰ ਥਾਂ ਤੇ ਪਾਪ ਪਾਇਆ ਜਾਂਦਾ ਹੈ, ਅਤੇ ਪ੍ਰਭੂ ਦਾ ਪ੍ਰਤਾਪ ਤੇਜੀ ਨਾਲ ਅਲੋਪ ਹੁੰਦਾ ਜਾਂਦਾ ਹੈ। ਅਤੇ ਅਸੀਂ ਜਾਣਦੇ ਹਾਂ, ਜਦ ਪਰਮੇਸ਼ੁਰ ਦਾ ਜਲਾਲ ਉੱਪਰ ਉਠਾ ਲਿਆ ਜਾਂਦਾ ਹੈ, ਉਸੇ ਨਾਲ ਕਲੀਸੀਆ ਵੀ ਉੱਪਰ ਉਠਾ ਲਈ ਜਾਏਗੀ। ਪਰਮੇਸ਼ੁਰ, ਅਸੀਂ ਉੱਥੇ ਹੋਣਾ ਚਾਹੁੰਦੇ ਹਾਂ।

39 ਬਸ ਕੁਝ ਦਿਨ ਪਹਿਲਾਂ, ਇੱਥੇ ਗਲੀ ਵਿੱਚ ਖੜੇ ਹੋਇਆਂ, ਬਸ ਗਲੀ ਦੇ ਕੋਨੇ ਤੇ, ਉਸ ਪਰੇਡ ਨੂੰ ਗਲੀ ਵਿੱਚੋਂ ਦੀ ਜਾਂਦੇ ਵੇਖ ਰਿਹਾ ਸੀ; ਅਤੇ ਉਹਨਾਂ ਪੁਰਾਣੇ ਪਹਿਲੇ ਯੁੱਧ ਦੇ ਟੈਂਕਾਂ ਨੂੰ ਰਸਤੇ ਵਿੱਚ ਵੇਖਿਆ, ਫਿਰ ਵੱਡੇ ਭਾਰੀ ਸ਼ੇਰਮਨ ਟੈਂਕ, ਉਸ ਦੇ ਪਿੱਛੇ ਉਹ ਆਉਂਦੇ ਗਏ, ਤੇ ਆਉਂਦੇ ਰਹੇ, ਫਿਰ ਸੁਨਹਿਰੀ ਤਾਰਿਆਂ ਵਾਲੀਆਂ ਮਾਂਵਾਂ ਆਈਆਂ; ਛੋਟਾ ਟੁੱਟਿਆ-ਹੋਇਆ ਪਰਿਵਾਰ, ਜਿਸ ਅੰਦਰ ਇੱਕ ਪਤਨੀ ਰੋਂਦੀ ਹੈ, ਅਤੇ ਇੱਕ ਛੋਟਾ ਲੜਕਾ ਜਿਸ ਦਾ ਪਿਤਾ ਉਸ ਕੋਲੋਂ ਜਾਂਦਾ ਰਿਹਾ, ਅਤੇ ਇੱਕ ਬੁੱਢੀ ਮਾਂ ਜਿਸ ਤੋਂ ਉਸ ਦਾ ਪੁੱਤਰ ਖੁੱਸ ਗਿਆ। ਮੈਂ ਸੋਚਿਆ, "ਕਿੰਨੀ ਦੁਖਦਾਈ ਗੱਲ ਹੈ," ਸੜਕ ਦੇ ਕੋਨੇ ਤੇ ਖੜੇ ਹੋ ਕੇ ਐਸਾ ਕੁਝ ਹੁੰਦੇ ਹੋਏ ਦੇਖਣਾ। ਤਦ ਧਿਆਨ ਵਿੱਚ ਆਇਆ, ਬਸ ਜਿਉਂ ਹੀ ਉਹ ਇਸ ਇਮਾਰਤ ਕੋਲੋਂ ਦੀ ਲੰਘੇ, ਸੰਗੀਤ ਬਦਲ ਗਿਆ, *ਯਿਸੂ ਦੇ ਸਿਪਾਹੀ ਅੱਗੇ ਕਦਮ ਮਾਰ।* ਉਹ ਮਾਰਚ ਨਾਲ ਵਜਾਉਂਦੇ, ਅਤੇ

ਪਿੱਛੇ ਚਲੇ ਆਉਂਦੇ; ਪਰ ਜਦ ਉਹ ਨਿਸ਼ਚਤ ਸਥਾਨ ਨੂੰ ਪਾਰ ਕਰ ਗਏ!

40 ਪਿਆਰੇ ਪਰਮੇਸ਼ੁਰ, ਮੈਂ ਇੱਕ ਹੋਰ ਮਹਾਨ ਸਮੇਂ ਬਾਰੇ ਸੋਚਦਾ ਹਾਂ ਜੋ ਆਉਣ ਵਾਲਾ ਹੈ, ਅਤੇ ਉਹ ਉਠਾਏ ਜਾਣ ਦਾ ਵੇਲਾ ਹੋਵੇਗਾ, ਜਦ ਪਹਿਲੇ ਸਮੇਂ ਦੇ ਬਜੁਰਗ ਸੰਤ, ਪਹਿਲਾਂ, ਬਾਹਰ ਆਉਣਗੇ। "ਕਿਉਂ ਜੋ ਅਸੀਂ ਜੋ ਜਿਉਂਦੇ ਹਾਂ ਅਤੇ ਬਾਕੀ ਰਹਿੰਦੇ ਹਾਂ ਉਹਨਾਂ ਤੋਂ ਅਗੇਤਰੇ ਨਹੀਂ ਹੋਵਾਂਗੇ ਜੋ ਸੁੱਤੇ ਪਏ ਹਨ; ਕਿਉਂ ਜੋ ਪਰਮੇਸ਼ੁਰ ਦੀ ਤੁਰ੍ਹੀ ਵਜਾਈ ਜਾਵੇਗੀ, ਅਤੇ ਜੋ ਮਸੀਹ ਵਿੱਚ ਹੋ ਕੇ ਮਰੇ ਹਨ ਉਹ ਪਹਿਲਾਂ ਜੀ ਉੱਠਣਗੇ।" ਫਿਰ ਜਦ ਅਸੀਂ ਮਹਾਨ ਕੰਮ ਨੂੰ ਵੇਖਾਂਗੇ...ਬਸ ਉਹਨਾਂ ਲੋਕਾਂ ਨੂੰ, ਆਕਾਸ਼ ਵਿੱਚੋਂ ਜਾਂਦੇ ਹੋਏ ਵੇਖਾਂਗੇ; ਅਤੇ ਅਸੀਂ ਖੜੇ ਹੋਵਾਂਗੇ, ਆਪਣੇ ਬਦਲ ਜਾਣ ਦਾ ਇੰਤਜਾਰ ਕਰਾਂਗੇ, ਇਹ ਜਾਣਦੇ ਹੋਏ ਕਿ ਅਸੀਂ ਵੀ, ਉਸੇ ਕਤਾਰ ਅੰਦਰ ਹੋਵਾਂਗੇ। ਪਰਮੇਸ਼ੁਰ, ਸਾਨੂੰ ਵਫ਼ਾਦਾਰ ਸਿਪਾਹੀ ਬਣਾ।

41 ਉਹੀ ਲੋਕ ਜਿਨ੍ਹਾਂ ਨੇ ਅਸਲ ਵਿੱਚ ਯੁੱਧ ਵਿੱਚ ਹਿੱਸਾ ਲਿਆ ਹੈ ਅਤੇ ਇਸ ਵਿੱਚ ਸ਼ਾਮਲ ਹੋਏ ਹਨ, ਉਹੀ ਜਾਣਦੇ ਹਨ ਕਿ ਉਸਦਾ ਅਸਲ ਵਿੱਚ ਕੀ ਮਤਲਬ ਸੀ, ਜਦ ਉਹ ਉਹਨਾਂ ਟੈਂਕਾਂ ਨੂੰ ਅੱਗੇ ਵੱਧਦੇ ਵੇਖਦੇ ਹਨ। ਅਤੇ, ਪਰਮੇਸ਼ੁਰ, ਅਸੀਂ ਸੋਚਦੇ ਹਾਂ ਉਹੀ ਜਿਹੜੇ ਜੀਵਨ ਦੇ ਜੰਗ ਅੰਦਰ ਘੋਲ ਕਰਦੇ ਰਹੇ ਹਨ ਜਾਨਣਗੇ ਕਿ ਇਸ ਦਾ ਕੀ ਮਤਲਬ ਹੈ, ਜਦੋਂ ਅਸੀਂ ਪੁਨਰਉਤਥਾਨ ਵਿੱਚ, ਉੱਪਰ ਜਾਣ ਲਈ ਆਪਣੇ ਪਾਸੇ ਅਤੇ ਥਾਂ ਵਿੱਚ ਹੋਣ ਲਈ ਆਪਣੀ ਵਾਰੀ ਦਾ ਇੰਤਜ਼ਾਰ ਕਰ ਰਹੇ ਹਾਂ,

42 ਅਤੇ ਇਹ, ਮੇਰਾ ਨੌਜਵਾਨ ਭਾਈ, ਇੱਥੇ ਖੜ੍ਹਾ ਹੈ, ਚੰਗੀ ਤਰ੍ਹਾਂ ਪ੍ਰਸ਼ਿਕਸ਼ਿਤ, ਤਿਆਰ, ਕੱਪੜੇ ਪਹਿਨੇ ਹੋਏ, ਇੱਕ ਬੁਜ਼ੁਰਗ ਵਿਅਕਤੀ ਦੀ ਉਡੀਕ ਕਰ ਰਿਹਾ ਹੈ ਕਿ ਉਸ ਉੱਤੇ ਹੱਥ ਰੱਖੇ, ਉਹ ਜੋ ਉਮਰ ਅੰਦਰ ਬਜੁਰਗ ਤੁਜਰਬੇਕਾਰ ਇੱਥੇ ਪਹਿਲੀ ਕਤਾਰ ਅੰਦਰ ਮੋਹਰੇ ਖੜ੍ਹਾ ਹੈ, ਜਾਣਦੇ ਹੋਏ ਕਿ ਜਰੂਰੀ ਹੈ ਕਿ ਉਹ ਵੀ, ਲੜਾਈ ਦੇ ਮੈਦਾਨ ਅੰਦਰ ਦਾਖਲ ਹੋਏ। ਪਿਆਰੇ ਪਰਮੇਸ਼ੁਰ, ਇਹਨਾਂ ਕਮਜੋਰ ਹੱਥਾਂ ਨੂੰ ਮੈਂ ਆਪਣੇ ਭਾਈ ਉੱਤੇ ਧਰਦਾ ਹਾਂ, ਤੇਰੀ ਪ੍ਰਤਿਨਿਧਿਤਾ ਕਰਦਾ ਹਾਂ। ਭਾਈ ਗ੍ਰੀਨ ਨੂੰ ਆਸ਼ੀਸ਼ ਦੇ, ਪਿਆਰੇ ਪਰਮੇਸ਼ੁਰ, ਜਿਸ ਨੂੰ ਮੈਂ ਯਿਸੂ ਨਾਮ ਵਿੱਚ ਆਸ਼ੀਸ਼ ਦਿੰਦਾ ਹਾਂ। ਹੋਣ ਦੇ ਕਿ ਉਹ ਇਸ ਸੰਦੇਸ਼ ਨੂੰ ਅੱਗੇ ਲੈ ਕੇ ਜਾਵੇ, ਪ੍ਰਭੂ, ਇਸ ਸ਼ਹਿਰ ਅੰਦਰ ਅਤੇ ਜਿਸ ਥਾਂ ਵੀ ਤੁਸੀਂ ਉਸ ਨੂੰ ਬੁਲਾਓ। ਉਹ ਵਫ਼ਾਦਾਰ, ਆਤਮਾ ਨਾਲ ਭਰਪੂਰ, ਬਦਨਾਮੀ ਤੋਂ ਉੱਪਰ ਜੀਵਨ ਬਤੀਤ ਕਰੇ। ਪ੍ਰਭੂ, ਉਸਨੂੰ ਲੋਕਾਂ ਦੇ ਦਿਲਾਂ ਨੂੰ ਜਿੱਤਣ ਦਿਓ, ਤਾਂ ਜੋ ਉਹ ਉਹਨਾਂ ਨੂੰ ਸਿੱਖਿਆ ਦੇ ਸਕੇ ਅਤੇ ਅਗਵਾਈ ਕਰੇ ਅਤੇ ਜਿਸ ਰਾਹ ਤੇ ਚੱਲਣ ਦੀ ਅਸੀਂ ਸਭ ਇੱਛਾ ਕਰਦੇ ਹਾਂ ਉਸੇ ਤੇ ਉਹਨਾਂ ਦੀ ਅਗਵਾਈ ਕਰੇ।

ਪ੍ਰਭੂ, ਬਖਸ਼ ਦੇ।

43 ਉਸਦੀ ਵਫ਼ਾਦਾਰ ਪਤਨੀ ਅਤੇ, ਛੋਟੇ ਬੱਚਿਆਂ ਨੂੰ ਆਸ਼ੀਸ਼ ਦੇ। ਸਾਡੀਆਂ
ਮਿਹਨਤਾਂ ਨੂੰ ਜੋ ਅਸੀਂ ਮਸੀਹੀ ਭਾਈਚਾਰੇ ਦੇ ਇਕੱਠ ਨਾਲ, ਧਰਤੀ ਤੇ ਕਰਦੇ
ਹਾਂ ਆਸ਼ੀਸ਼ ਦੇ, ਤਾਂ ਜੋ ਅਸੀਂ ਅੰਜੀਲ ਦੇ ਸਮਾਚਾਰ ਨੂੰ ਜਗਤ ਦੇ ਅੰਤ ਤਕ ਲੈ
ਜਾਈਏ। ਉਸ ਉੱਪਰ ਆਪਣਾ ਆਤਮਾ ਉਂਡੇਲ ਦੇ, ਪਰਮੇਸ਼ੁਰ। ਅਸੀਂ ਉਸ
ਨੂੰ ਤੇਰੇ ਸਪੁਰਦ ਕਰਦੇ ਹਾਂ, ਅਸੀਂ ਯਿਸੂ ਮਸੀਹ ਦੇ ਨਾਲ ਵਿੱਚ ਬੇਨਤੀ ਕਰਦੇ
ਹਾਂ। ਆਮੀਨ।

ਭਾਈ ਪੈਰੀ, ਪਰਮੇਸ਼ੁਰ ਤੁਹਾਨੂੰ ਆਸ਼ੀਸ਼ ਦੇਵੇ। ਪਰਮੇਸ਼ੁਰ ਦੇ ਵਚਨ ਨੂੰ ਅੱਗੇ ਲੈ ਕੇ ਜਾਓ!

65-1121 ਤੁਸੀਂ ਮੇਰੇ ਲਈ ਕਿਹੋ ਜਿਹਾ ਘਰ ਬਣਾਓਗੇ?
ਟਜੂਸਾਨ ਟੇਬਨੇਕਲ
ਟਜੂਸਾਨ, ਅਰੀਜੋਨਾ ਸੰਯੁਕਤ ਰਾਜ ਅਮਰੀਕਾ

PUNJABI

©2024 VGR, ALL RIGHTS RESERVED

Voice Of God Recordings, India Office
19 (New No: 28) Shenoy Road, Nungambakkam
Chennai 600 034, India
044 28274560 • 044 28251791
india@vgroffice.org

Voice Of God Recordings
P.O. Box 950, Jeffersonville, Indiana 47131 U.S.A.
www.branham.org

## ਕਾਪੀਰਾਈਟ ਨੋਟਿਸ

ਸਾਰੇ ਹੱਕ ਰਾਖਵੇਂ ਹਨ । ਇਹ ਕਿਤਾਬ ਨਿਜੀ ਵਰਤੋਂ ਜਾਂ ਯਿਸੂ ਮਸੀਹ ਦੇ ਸ਼ੁਭਸਮਚਾਰ ਦੇ ਪ੍ਰਸਾਰ ਵਾਸਤੇ ਮੁਫ਼ਤ ਵੰਡਣ ਲਈ, ਘਰੇਲੂ ਪ੍ਰਿੰਟਰ ਤੇ ਛਾਪੀ ਜਾ ਸਕਦੀ ਹੈ । ਇਹ ਕਿਤਾਬ ਵੋਇਸ ਆਫ ਗੋਡ ਰਿਕਾਰਡਿੰਗਜ® ਵਲੋਂ ਲਿਖਤੀ ਇਜ਼ਾਜ਼ਤ ਦੇ ਬਿਨਾ ਵੇਚੀ, ਵੱਡੇ ਪੈਮਾਨੇ ਤੇ ਦੁਬਾਰਾ ਛਾਪੀ, ਕਿਸੇ ਵੈਬਸਾਈਟ ਤੇ ਪੋਸਟ, ਕਿਸੇ ਰੀਟਰੀਵਲ ਸਿਸਟਮ ਤੇ ਸਟੋਰ, ਕਿਸੇ ਹੋਰ ਭਾਸ਼ਾ ਵਿੱਚ ਅਨੁਵਾਦ, ਜਾਂ ਪੈਸੇ ਦੀ ਮੰਗ ਲਈ ਨਹੀਂ ਵਰਤੀ ਜਾ ਸਕਦੀ ਹੈ ।

ਵਧੇਰੇ ਜਾਣਕਾਰੀ ਜਾਂ ਹੋਰ ਉਪਲੱਬਧ ਸਮਗਰੀ ਦੇ ਲਈ, ਕਿਰਪਾ ਕਰੇ ਸੰਪਰਕ ਕਰੋ:

VOICE OF GOD RECORDINGS, INDIA OFFICE
19 (NEW NO: 28) SHENOY ROAD, NUNGAMBAKKAM
CHENNAI 600 034, INDIA
044 28274560 • 044 28251791
india@vgroffice.org

VOICE OF GOD RECORDINGS
P.O. BOX 950, JEFFERSONVILLE, INDIANA 47131 U.S.A.
www.branham.org